ਜੂਨ 1988
ਮੁੱਲ-ਦੋ ਰੁਪ੍ਏ
97

## ਸੰਪਾਦਕੀ : ਕਥਿਤ ਖਾਲਿਸਤਾਨੀ ਆਪਣੀਆਂ ਗ਼ਲਤ ਕਾਰਵਾਈਆਂ ਕਰਕੇ ਭਾਰਤੀ ਸਟੇਟ ਦੇ ਸਭ ਤੋਂ ਵਡੇ ਸੇਵਾਦਾਰ ਹਨ ਤੇ ਸਾਧਾਰਨ ਲੋਕਾਂ ਦੇ ਸਭ ਤੋਂ ਵਡੇ ਘਾਤਕ ਹਨ।

9 ਮਈ ਤੋਂ 19 ਮਈ ਤਕ ਹਰਮੰਦਰ ਸਾਹਿਬ ਵਿਚ ਜੋ ਕੁਝ ਹੋਇਆ ਹੈ, ਉਹ ਉਤਲੇ ਕਥਨ ਦਾ ਬਿਲਕੁਲ ਸਪੱਸ਼ਟ ਸਬੂਤ ਹੈ। ਖਾਲਿਸਤਾਨ ਦੇ ਨਾਂ ਥਲੇ ਲੜਦੇ ਟੋਲਿਆਂ ਕੋਲ ਧਾਰਮਕ ਜਨੂੰਨ ਦੇ ਸਿਵਾ ਕੁਝ ਨਹੀਂ। ਉਹ ਆਪ ਵੀ ਜ਼ਹਿਰ ਖਾ ਕੇ ਜਾਂ ਗੋਲੀਆਂ ਖਾ ਕੇ ਮਰ ਰਹੇ ਹਨ। ਦੂਜੇ ਨਿਰਦੋਸ਼ ਲੋਕਾਂ ਨੂੰ ਮਾਰ ਰਹੇ ਹਨ। ਆਪਣੇ ਸਾਧਾਰਨ ਸਮਰਥਕਾਂ ਨੂੰ ਮਰਵਾ ਰਹੇ ਹਨ। ਉਹਨਾਂ ਕੋਲ ਕੋਈ ਦਿਸ਼ਾ ਨਹੀਂ। ਕੋਈ ਯੁੱਧ ਦਾ ਪਲਾਨ ਨਹੀਂ। ਆਪਣੀਆਂ ਗ਼ਲਤੀਆਂ ਕਰਕੇ ਦੁਸ਼ਮਣ ਕੋਲੋਂ ਮਾਰ ਖਾਂਦੇ ਹਨ। ਹੱਥ ਖੜੇ ਕਰਕੇ ਆਤਮ ਸਮਰਪਣ ਕਰਦੇ ਹਨ ਤੇ ਛਿੱਤੇ ਪੈ ਕੇ ਆਵਾਸੀ ਗਰੀਬ ਮਜ਼ਦੂਰਾਂ ਤੇ ਗੋਲੀਆਂ ਚਲਾਂਦੇ ਹਨ। ਉਹ ਨਿਓਟਿਆਂ ਨੂੰ ਓਟ ਦੇਣ ਵਾਲੀਆਂ, ਨਿਆਸਰਿਆਂ ਨੂੰ ਆਸਰਾ ਦੇਣ ਵਾਲੀਆਂ, ਮਜ਼ਲੂਮਾਂ ਦੀ ਰਖਿਆ ਕਰਨ ਵਾਲੀਆਂ ਸਾਰੀਆਂ ਸਿੱਖ ਰਵੈਤਾਂ ਦੀ ਉਲੰਘਣਾ ਕਰਦੇ ਹਨ। ਉਹ ਪੰਜਾਬ ਦੇ ਸੂਰਮਾਗਤੀ ਦੇ ਇਤਿਹਾਸ ਨੂੰ ਪੂਰੀ ਤਰ੍ਹਾਂ ਕਾਲਾ ਕਰ ਰਹੇ ਹਨ। ਪਤਾ ਹੈ ਕਿ ਹਰਮੰਦਰ ਸਾਹਿਬ ਕੋਈ ਲੜਣ ਵਾਲੀ ਥਾਂ ਨਹੀਂ। ਪਤਾ ਹੈ ਕਿ ਉਸ ਥਾਂ ਤੇ ਭਾਰਤੀ ਸਟੇਟ ਦੇ ਸ਼ਕਤੀਸ਼ਾਲੀ ਸਾਧਨਾਂ ਅਗੇ ਉਹਨਾਂ ਦਾ ਕੋਈ ਮੁਕਾਬਲਾ ਨਹੀਂ ਫੇਰ ਵੀ ਜਨੂੰਨ ਵਿਚ ਆ ਕੇ ਉਥੇ ਹੀ ਭਾਰਤੀ ਸਟੇਟ ਨੂੰ ਚੈਲਿੰਜ ਕਰਦੇ ਹਨ। ਮਾਰ ਖਾਂਦੇ ਹਨ, ਆਤਮ ਸਮਰਪਣ ਕਰਦੇ ਹਨ। ਖਾਸ ਹਰਮੰਦਰ ਸਾਹਿਬ ਵਿਚ ਜਾ ਕੇ ਲੁਕ ਕੇ ਜਾਨ ਬਚਾਉਣਾ ਚਾਹੁੰਦੇ ਹਨ। ਕੜਾਹ ਪ੍ਰਸ਼ਾਦ ਵਾਲੇ ਤੇ ਹੋਰ ਪਵਿਤ੍ਰ ਬਰਤਨਾਂ ਨੂੰ ਮਲੀਤ ਕਰਦੇ ਹਨ ਫੇਰ ਵੀ ਜੇਕਰ ਉਹ ਦਾਅਵਾ ਕਰਦੇ ਹਨ ਕਿ ਉਹ ਸਿੱਖਾਂ ਦੀ ਗੁਲਾਮੀ ਦੀਆਂ ਜ਼ੰਜੀਰਾਂ ਤੋੜਣ ਲਈ ਸੰਘਰਸ਼ ਕਰ ਰਹੇ ਹਨ ਤਾਂ ਸਿੱਖ ਅਵਾਮ ਦਾ ਫਰਜ਼ ਬਣਦਾ ਹੈ ਕਿ ਉਹਨਾਂ ਨੂੰ ਆਪਣੇ ਵਿਚੋਂ ਨਿਖੇੜ ਦੇਣ। ਇਹ ਲੋਕ ਸਿੱਖ ਹਿੱਤਾਂ ਦੇ ਸਭ ਤੋਂ ਵਡੇ ਘਾਤਕ ਸਾਬਤ ਹੋ ਰਹੇ ਹਨ।

**o ਭਾਰਤੀ ਸਟੇਟ ਨੇ ਇਕ ਹੋਛੀ ਜਿਹੀ ਜਿੱਤ ਹਾਸਲ ਕਰ ਲਈ ਹੈ। ਇਸ ਜਿੱਤ ਨੂੰ ਉਛਾਲਦੇ ਹੋਏ** ਕਾਂਗਰਸ ਪਾਰਟੀ ਕੁਝ ਉਪ ਚੋਣਾ ਜਿਤਨ ਦੀ ਗਿਣਤੀ ਕਰੇਗੀ। ਆਪਣੇ ਭ੍ਰਿਸ਼ਟ ਨਿਜ਼ਾਮ ਨੂੰ ਸਾਧਾਰਨ ਲੋਕਾਂ ਦੀਆਂ ਘੋਖਵੀਆਂ ਨਜ਼ਰਾਂ ਤੋਂ ਬਚਾਏਗੀ। ਟੀ. ਵੀ. ਰਾਹੀਂ ਕੋਸ਼ਿਸ਼ਾਂ ਹੋਣਗੀਆਂ ਕਿ ਲੋਕਾਂ ਦੀਆਂ ਨਜ਼ਰਾਂ ਮੰਜੀ ਸਾਹਿਬ ਦੀਵਾਨ ਅਸਥਾਨ ਦੇ ਨੇੜੇ ਮਲਬੇ ਵਿਚੋਂ ਨਿਕਲੀਆਂ ਲਾਸ਼ਾਂ ਉਤੇ ਟਿਕੀਆਂ ਰਹਿਣ ਜਾਂ ਵੈਣ ਪਾਂਦੀਆਂ ਤੀਂਵੀਆਂ ਤੇ ਟਿਕੀਆਂ ਰਹਿਣ ਤੇ ਉਹ ਇਹ ਨਾਂ ਵੇਖਣ ਕਿ ਰਾਜਸਥਾਨ ਦੇ ਪਿੰਡਾਂ ਵਿਚ ਇਸ ਸਟੇਟ ਦੀ ਨਲਾਇਕੀ ਕਰਕੇ ਹਰ ਰੋਜ਼ ਔਸਤਨ ਅੱਸੀ ਬੰਦੇ (ਮਰਦ ਇਸਤਰੀਆਂ ਤੇ ਬੱਚੇ) ਮਰ ਰਹੇ ਹਨ। ਭੂਤਰੇ ਹੋਏ ਖਾਲਿਸਤਾਨੀ ਟੋਲਿਆਂ ਨੇ ਭਾਰਤੀ ਸਟੇਟ ਦੀ ਇਸ ਤੋਂ ਵੱਧ ਹੋਰ ਕੀ ਸੇਵਾ ਕਰਨੀ ਏ?

**o ਭਾਰਤ ਵਿਚ ਥਾਂ ਥਾਂ ਤੇ ਸੰਵਿਧਾਨ ਦੀ 59-ਵੀਂ ਤਰਮੀਮ ਦੇ ਵਿਰੁਧ ਆਵਾਜ਼ ਉਠ ਰਹੀ ਹੈ ਜਿਸ ਤਰਮੀਮ ਰਾਹੀਂ ਪੰਜਾਬ ਵਿਚ ਇਕ ਬੰਦੇ ਦੇ ਜੀਣ ਦਾ ਹੱਕ ਖੋਹਿਆ ਗਿਆ ਹੈ।** ਬਨਾਰਸ ਵਿਚ 19 ਮਈ ਇਸ ਤਰਮੀਮ ਵਿਰੁਧ ਇਕ ਪਬਲਿਕ ਰੈਲੀ ਹੋ ਰਹੀ ਸੀ। ਇਹਨਾਂ ਸਤਰਾਂ ਦਾ ਲੇਖਕ ਉਸ ਰੈਲੀ ਵਿਚ ਸ਼ਾਮਲ ਸੀ। ਬਨਾਰਸ ਹਿੰਦੂ ਯੂਨੀਵਰਸਟੀ ਦੇ ਵਿਦਿਆਰਥੀ ਵੀ ਵੱਡੀ ਗਿਣਤੀ ਵਿਚ ਉਥੇ ਸ਼ਾਮਲ ਸਨ। ਇਹ ਮੰਗ ਹੋ ਰਹੀ ਸੀ ਕਿ ਦਿੱਲੀ ਕੌਨ੍ਹਪੁਰ ਤੇ ਹੋਰ ਥਾਵਾਂ ਤੇ ਨਿਰਦੋਸ਼ ਸਿੱਖਾਂ ਦੀ ਹੱਤਿਆ ਕਰਨ ਵਾਲੇ ਕਾਤਲਾਂ ਨੂੰ ਸਜ਼ਾ ਹੋਵੇ। ਉਸੇ

ਵੇਲੇ ਖਬਰ ਆਈ ਕਿ ਰੋਪੜ ਦੇ ਨੇੜੇ 35 ਆਵਾਸੀ ਮਜ਼ਦੂਰਾਂ ਨੂੰ ਗੋਲੀ ਨਾਲ ਉਡਾ ਦਿਤਾ ਗਿਆ ਹੈ ਤੇ ਇਹ ਕੋਝੀ ਹਰਕਤ ਕਰਨ ਵਾਲੇ ਸਿੱਖ ਨੌਜਵਾਨ ਸਨ। ਭੀੜ ਵਿਚੋਂ ਮੇਰੇ ਕੋਲੋਂ ਕਿਸੇ ਨੇ ਪੁਛਿਆ ਕਿ ਇਹਨਾਂ ਕਾਤਲਾਂ ਨੂੰ ਸਜ਼ਾ ਕੌਣ ਦੇਵੇਗਾ। ਮੇਰਾ ਜਵਾਬ ਸੀ ਕਿ **ਇਹਨਾਂ ਨੂੰ ਪੰਜਾਬ ਦੇ ਲੋਕ ਸਜ਼ਾ ਦੇਣਗੇ। ਇਹਨਾਂ ਨੂੰ ਛੇਕ ਕੇ ਆਪਣੇ ਤੋਂ ਬਾਹਰ ਸੁਟਣਗੇ। ਸਾਰੇ ਭਾਰਤੀ ਲੋਕਾਂ ਦਾ ਭਲਾ ਹੈ ਕਿ ਰਾਜੀਵ ਸਰਕਾਰ ਦਾ ਛੇਤੀ ਤੋਂ ਛੇਤੀ ਤਖਤਾ ਪਲਟਾਉਣ।** ਸਾਰੇ ਪੰਜਾਬੀ ਲੋਕਾਂ ਦਾ ਭਲਾ ਇਸੇ ਵਿਚ ਹੈ ਕਿ ਇਹ ਖਾਲਿਸਤਾਨੀ ਕਾਤਲ ਜਲਦੀ ਤੋਂ ਜਲਦੀ ਨਿਖੇੜੇ ਜਾਣ। ਇਹ ਭਾਰਤੀ ਸਟੇਟ ਦੇ ਸਭ ਤੋਂ ਵਡੇ ਸੇਵਾਦਾਰ ਹਨ/**ਗੁਰਸ਼ਰਨ ਸਿੰਘ**

---

## ਲਖਨਊ ਵਿਚ ਪਾਸ਼ ਦੀ ਯਾਦ ਵਿਚ ਗੋਸ਼ਟੀ

"ਜਨ ਸੰਸਕ੍ਰਿਤੀ ਮੰਚ" ਦੀ ਲਖਨਊ ਇਕਾਈ ਨੇ ਉੱਤਰ ਪ੍ਰਦੇਸ਼ ਹਿੰਦੀ ਭਵਨ ਦੇ ਹਾਲ ਵਿਚ 5 ਅਪਰੈਲ ਨੂੰ ਪੰਜਾਬੀ ਦੇ ਪ੍ਰਸਿੱਧ ਕਵੀ ਅਵਤਾਰ ਸਿੰਘ 'ਪਾਸ਼' ਦੀ ਯਾਦ ਵਿਚ ਵਿਚਾਰ-ਗੋਸ਼ਟੀ ਜਥੇਬੰਦ ਕੀਤੀ। ਗੋਸ਼ਟੀ ਦੇ ਸੰਯੋਜਕ ਧੀਰੇਂਦਰ ਵਿਸ਼ਵਕੇਤੂ ਨੇ ਗੋਸ਼ਟੀ ਦੀ ਅਰੰਭ ਕਰਦੇ ਹੋਏ ਕਿਹਾ ਕਿ ਪਾਸ਼ ਦਾ ਕਤਲ ਰੰਗ-ਕਰਮੀਆਂ, ਕਲਾਕਾਰਾਂ ਤੇ ਸਾਹਿਤਕਾਰਾਂ ਨੂੰ ਇਕ-ਜੁੱਟ ਹੋ ਕੇ, ਅਜਿਹੀਆਂ ਘਟਨਾਵਾਂ ਵਿਰੁੱਧ ਉਠ ਖੜੇ ਹੋਣ ਦੀ ਪ੍ਰੇਰਨਾ ਦਿੰਦਾ ਹੈ।

ਨੌਜਵਾਨ ਕਵੀ ਦੀਵਾਨ ਸਿੰਘ 'ਰਾਜਸ਼ੇਖਰ' ਨੇ ਪਾਸ਼ ਦੇ ਜੀਵਨ ਅਤੇ ਪੰਜਾਬੀ ਕਵਿਤਾ ਤੇ ਸਾਹਿਤ ਵਿਚ ਯੋਗਦਾਨ ਸੰਬੰਧੀ ਚਾਨਣਾ ਪਾਉਂਦੇ ਹੋਏ ਸ਼ੋਕ ਮਤਾ ਪੜ੍ਹਿਆ ਅਤੇ ਸ਼ਹੀਦ ਕਵੀ ਨੂੰ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਨਾਟ-ਕਰਮੀ ਸ੍ਰੀ ਮਤੀ ਨਵਸ਼ਰਨ ਨੇ ਪੰਜਾਬੀ ਵਿਚ ਪਾਸ਼ ਦੀਆਂ ਕਵਿਤਾਵਾਂ 'ਯੁੱਧ ਤੇ ਸ਼ਾਂਤੀ'; 'ਕੰਡੇ ਦਾ ਜ਼ਖਮ', 'ਫੁੱਲ ਬਣਕੇ ਖਿਲੇਗਾ', 'ਸਾਡੇ ਸਮਿਆਂ ਵਿਚ' ਅਤੇ "ਇਨਕਾਰ" ਆਦਿ ਪੜ੍ਹੀਆਂ। ਜਥੇਬੰਦੀ ਦੇ ਕੇਂਦਰੀ ਸਕੱਤਰ ਕੌਸ਼ਲ ਕਿਸ਼ੋਰ ਨੇ ਉਨ੍ਹਾਂ ਦੀਆਂ ਕਵਿਤਾਵਾਂ ਦਾ ਹਿੰਦੀ ਅਨੁਵਾਦ ਪੇਸ਼ ਕੀਤਾ, ਜਿਸ ਵਿਚ ਪਾਸ਼ ਦੀ ਬਹੁ-ਚਰਚਿਤ ਕਵਿਤਾ "ਅਸੀਂ ਲੜਾਂਗੇ ਸਾਥੀ" ਪ੍ਰਮੁੱਖ ਸੀ।

ਪਾਸ਼ ਦੇ ਨੇੜਲੇ ਸਾਥੀ ਅੰਮ੍ਰਿਤਪਾਲ ਸਿੰਘ ਨੇ ਸ਼ਹੀਦ ਨੌਜਵਾਨ ਕਵੀ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਕਿਹਾ ਕਿ ਪਾਸ਼ ਪੰਜਾਬ ਵਿੱਚ ਬੇਹੱਦ ਹਰਮਨ ਪਿਆਰੇ ਸਨ। ਉਨ੍ਹਾ ਦੇ ਸਾਹਿਤਕ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਪ੍ਰਗਤੀਸ਼ੀਲ ਲੇਖਕ ਸੰਘ ਦੇ ਸਕੱਤਰ ਵਰਿੰਦਰ ਯਾਦਵ ਨੇ ਪਾਸ਼ ਨੂੰ ਸੱਤਵੇਂ ਦਹਾਕੇ ਦਾ ਸੱਭ ਤੋਂ ਅਗਲੀ ਕਤਾਰ ਦਾ ਲੇਖਕ ਕਰਾਰ ਦਿੰਦੇ ਹੋਏ ਕਿਹਾ ਕਿ ਉਨ੍ਹਾ ਦੇ ਜੀਵਨ, ਵਿਚਾਰਾਂ ਸਿਰਜਣ ਵਿੱਚ ਅਦਭੁਤ ਸੁਮੇਲ ਸੀ। ਪਾਸ਼ ਦਾ ਕਤਲ, ਇਕ ਵਿਅਕਤੀ ਨੂੰ ਨਹੀਂ, ਸਗੋਂ ਵਿਚਾਰਾਂ ਨੂੰ ਕਤਲ ਕਰਨ ਦੀ ਕੋਝੀ ਕੋਸ਼ਿਸ਼ ਹੈ, ਜਿਹੜੇ ਕਦੇ ਨਹੀਂ ਮਰਦੇ। ਜਨਵਾਦੀ ਲੇਖਕ ਸੰਘ ਦੇ ਸਕੱਤਰ ਯੁਵਰਾਜ ਦੀਖਸ਼ਤ ਨੇ ਕਿਹਾ ਕਿ ਉਨ੍ਹਾਂ ਦੀ ਹੱਤਿਆ ਇਸ ਗੱਲ ਨੂੰ ਪ੍ਰਗਟ ਕਰਦੀ ਹੈ ਕਿ ਰਚਨਾਕਾਰ ਨੂੰ ਆਪਣੇ ਫਰਜ਼ ਦੀ ਅਦਾਇਗੀ ਵਿੱਚ ਕਿਥੇ ਖੜਾ ਹੋਣਾ ਚਾਹੀਦਾ ਹੈ। ਅਭਿਵਿਅਕਤੀ ਦੀ ਸਵਤੰਤਰਤਾ ਦੇ ਖ਼ਤਰੇ ਦੀ ਸ਼ੰਕਾ ਨੂੰ ਪ੍ਰਗਟ ਕਰਦੇ ਹੋਏ, ਉਨ੍ਹਾਂ ਅਜਿਹੀਆਂ ਸ਼ਕਤੀਆਂ ਦੇ ਮੂਲ-ਬਿੰਦੂ ਨੂੰ ਪਹਿਚਾਣ ਕੇ ਉਨ੍ਹਾਂ ਖਿਲਾਫ਼ ਇਕ ਜੁੱਟ ਹੋਣ ਦਾ ਸੱਦਾ ਦਿੱਤਾ।

ਪੱਤਰਕਾਰ ਅਨਿਲ ਸਿਨਹਾ ਦਾ ਵਿਚਾਰ ਸੀ ਕਿ ਪੰਜਾਬ ਵਿੱਚ ਨਿਰਪੱਖ ਸੰਪਾਦਕਾਂ ਦੇ ਕਤਲਾਂ ਦੇ ਦੌਰ ਮਗਰੋਂ, ਇਕ ਕਵੀ ਦਾ ਕਤਲ, ਉਥੇ ਡੂੰਘੇ ਛਾਏ ਹੁੰਦੇ ਜਾ ਰਹੇ ਸਭਿਆਚਾਰਕ ਸੰਕਟ ਦਾ ਪ੍ਰਤੀਕ ਹੈ। ਪੱਤਰਕਾਰ ਅਜੇ ਸਿੰਘ ਦਾ ਵਿਚਾਰ ਸੀ ਕਿ ਪੰਜਾਬ ਵਿੱਚ ਜੇਕਰ ਕਿਸੇ ਨੌਜਵਾਨ ਕਵੀ ਵਿੱਚ ਜਨ ਸੰਘਰਸ਼ਾਂ ਦਾ ਪ੍ਰਗਟਾ ਸੱਭ ਤੋਂ ਉੱਭਰਵੇਂ ਰੂਪ ਵਿਚ ਨਜ਼ਰ ਆਉਂਦਾ ਹੈ, ਤਾਂ ਉਹ ਪਾਸ਼ ਹੈ।

(ਸਪਤਾਹਿਕ 'ਸਮਕਾਲੀਨ ਜਨਮਤ') ਪੇਸ਼ਕਸ਼—ਸੁਖਦਰਸ਼ਨ ਨੱਤ

---

**ਇਕ ਸੂਚਨਾ : ਨੌਜਵਾਨ ਵਿਦਿਆਰਥੀ ਫਰੰਟ ਵਲੋਂ** ਸਾਥੀ ਜੈਮਲ ਸਿੰਘ ਪੱਡਾ ਦੀ ਸ਼ਹਾਦਤ ਤੋਂ ਬਾਅਦ ਜਾਰੀ ਕੀਤੇ ਬਿਆਨ ਤੇ ਸੀ. ਟੀ ਦੇ ਪ੍ਰਧਾਨ ਸਾਥੀ ਸੁਰਜੀਤ ਭੱਟੀ ਵਲੋਂ ਜੋ ਸੁਰਖ ਰੇਖਾ (25 ਮਾਰਚ) ਵਿਚ ਨੁਕਤਾ ਚੀਨੀ ਛਾਪੀ ਗਈ ਹੈ; ਇਸਦੇ ਬਾਰੇ ਸੱਪਸ਼ਟ ਕਰਨ ਕਰਦਾ ਹੋਇਆ ਜਵਾਬ 5 ਜੂਨ ਨੂੰ ਇਨਕਲਾਬੀ ਪਰਚਿਆਂ ਨੂੰ ਭੇਜਿਆ ਜਾ ਰਿਹਾ ਹੈ।

# ਪੰਜਾਬ ਦਾ ਦੁੱਖਾਂਤ

## (ਡੇਰਾ ਬਾਬਾ ਨਾਨਕ ਤੋਂ ਇਕ ਚਿੱਠੀ)

ਭਾਅ ਜੀ, ਲਾਲ ਸਲਾਮ। ਡੇਰਾ ਬਾਬਾ ਨਾਨਕ ਜੋ ਕੇ ਬਾਡਰ ਉਤੇ ਇਕ ਛੋਟਾ ਜਿਹਾ ਕਸਬਾ ਹੈ। ਇਸ ਵਿਚ ਬਹੁਤੇ ਲੋਕ ਬੇਦੀ ਹਨ ਜੋ ਕਿ ਬਾਬਾ ਨਾਨਕ ਦੇ ਵੰਸ਼ ਵਿਚੋਂ ਹਨ। ਕੁਝ ਮੋਨੇ ਹਨ ਤੇ ਬਹੁਤੇ ਕੇਸਾ-ਧਾਰੀ ਹਨ। ਇਸ ਕਸਬੇ ਨੂੰ ਪਹਿਲਾਂ 1947 ਨੇ ਬਰਬਾਦ ਕੀਤਾ ਫਿਰ 1971, 1965 ਆਦਿ ਹਿੰਦ ਪਾਕ ਲੜਾਈਆਂ ਨੇ ਅਸਰ ਪਾਇਆ। ਜੇਕਰ ਇਹ ਘਟਨਾਵਾਂ ਨਾ ਹੁੰਦੀਆਂ ਤਾਂ ਅੱਜ ਇਹ ਡੇਰਾ ਬਾਬਾ ਨਾਨਕ ਪੰਜਾਬ ਦਾ ਇਕ ਮਹੱਤਵ ਪੂਰਨ ਸ਼ਹਿਰ ਬਣ ਚੁਕਾ ਹੁੰਦਾ।

ਹੁਣ ਜਿਹੜੀ ਪੰਜਾਬ ਵਿਚ ਭਰਾਮਾਰ ਲੜਾਈ ਚੱਲ ਰਹੀ ਹੈ ਇਸ ਨੇ ਰਹਿੰਦੀ ਕਸਰ ਵੀ ਕੱਢ ਦਿਤੀ ਹੈ। ਜਿਥੇ ਕੇ ਗੁਰਦਾਸਪੁਰ ਦੇ ਬਹੁਤੇ ਹਿੰਦੂ ਅਤੇ ਸਿੱਖ ਪ੍ਰਵਾਰ ਹਿਜਰਤ ਕਰ ਚੁਕੇ ਹਨ ਤੇ ਕਰ ਰਹੇ ਹਨ। ਉਥੇ ਮੈਂ ਆਪ ਨੂੰ ਇਕ ਅੱਖੀ ਦੇਖੀ ਘਟਨਾ ਦਾ ਵਰਨਣ ਕਰਨ ਲੱਗਾ ਹਾ ਇਸ ਨੂੰ 'ਸਮਤਾ' ਵਿਚ ਜ਼ਰੂਰ ਦੇਣਾ ਨਾਲੇ ਇਸ ਘਟਨਾ ਤੇ ਇਕ 'ਡਰਾਮਾ' ਵੀ ਜ਼ਰੂਰ ਬਨਾਉਣਾ।

14 ਅਪ੍ਰੈਲ ਦੀ ਹੀ ਗੱਲ ਹੈ। ਅਸੀਂ ਕੁਝ ਸਾਥੀ ਡੇਰਾ ਬਾਬਾ ਨਾਨਕ ਬੱਸ ਸਟੈਂਡ ਤੇ ਬੱਸ ਦੀ ਉਡੀਕ ਕਰ ਰਹੇ ਸਾਂ। ਆਖਰ ਬੱਸ ਪਹੁੰਚ ਗਈ ਜੋ ਰਸਤਾ ਫਤੇਗੜ੍ਹ ਚੂੜੀਆਂ ਅੰਮ੍ਰਿਤਸਰ ਨੂੰ ਗਈ ਸੀ। ਕੁਝ ਪ੍ਰਵਾਰ ਜੋ ਕੇ ਹਿਜਰਤ ਕਰਨ ਖਾਤਰ ਸਮਾਨ ਹੱਥਾਂ ਵਿਚ ਚੁਕੀ ਉਥੇ ਆ ਪਹੁੰਚੇ। ਕੁਝ ਹਿੰਦੂ ਪ੍ਰਵਾਰ ਤੇ ਨਾਲ ਉਨ੍ਹਾਂ ਦੇ ਪ੍ਰਵਾਰਾਂ ਵਿਚੋਂ ਸਿੱਖ ਭਰਾ ਸਨ। ਇਹ ਸਾਰੇ ਹੀ ਗੁਰੂ ਨਾਨਕ ਦੇਵ ਜੀ ਦੇ ਖਾਨਦਾਨ ਵਿਚੋਂ ਹੀ ਸਨ। ਕੁਝ ਲੋਕ ਉਨ੍ਹਾਂ ਵਿਚੋਂ 'ਬਾਵਾ ਲਾਲ' ਨੂੰ ਮੰਨਦੇ ਹਨ ਜਿਸ ਦੀ ਗੱਦੀ ਧਿਆਨਪੁਰ ਵਿਚ (ਗੁਰਦਾਸਪੁਰ) ਹੀ ਹੈ। ਅਤੇ ਇਹ ਬਾਵਾ ਲਾਲ ਵੀ ਗੁਰੂ ਨਾਨਕ ਦੇਵ ਜੀ ਦੇ ਰਿਸ਼ਤੇਦਾਰਾਂ ਵਿਚੋਂ ਸੀ। ਇਨ੍ਹਾਂ ਕੁਝ ਪ੍ਰਵਾਰਾਂ ਨੂੰ ਲਗਾਤਾਰ ਤੰਗ ਕੀਤਾ ਜਾ ਰਿਹਾ ਸੀ। ਹੁਣ ਤਾਂ ਇਹ ਗੁਰਦਾਸਪੁਰ ਜ਼ਿਲੇ ਵਿਚ ਕਿਹਾ ਜਾ ਰਿਹਾ ਸੀ ਕੇ ਜੋ ਵਿਸਾਖੀ ਤੱਕ ਅੰਮ੍ਰਿਤ ਨਹੀਂ ਛਕੇਗਾ ਉਸ ਨੂੰ ਮਾਰ ਦਿਤਾ ਜਾਵੇਗਾ। ਇਸ ਡਰ ਤੋਂ ਤੰਗ ਆ ਕੇ ਇਹ ਪ੍ਰਵਾਰ ਅੱਜ ਵਿਸਾਖੀ ਤੋਂ ਕੇਵਲ ਇਕ ਦਿਨ ਬਾਦ ਗੁਰਦਾਸਪੁਰ ਜ਼ਿਲੇ ਨੂੰ ਅਲਵਿਦਾ ਕਹਿਣ ਲਈ ਤਿਆਰੀ ਕਰਕੇ ਬੱਸ ਦੀ ਉਡੀਕ ਵਿਚ ਸਨ। ਅਸੀਂ ਉਨ੍ਹਾਂ ਨਾਲ ਹਮਦਰਦੀ ਕੀਤੀ ਅਤੇ ਕਿਹਾ ਕੇ ਅਸੀਂ ਤੁਹਾਡੀ ਰਾਖੀ ਕਰਾਂਗੇ ਤੁਸੀਂ ਨਾ ਜਾਉ ਇਹ ਧਰਤੀ ਜਿਸ ਤੇ ਗੁਰੂ ਨਾਨਕ ਦੇਵ ਜੀ ਨੇ ਕਾਫੀ ਸਮਾਂ ਬਤਾਇਆ ਸੀ ਅੱਜ ਸਾਥੋਂ ਕੋਈ ਨਹੀਂ ਖੋਹ ਸਕਦਾ। ਇਸੇ ਧਰਤੀ ਤੇ ਕਰਤਾਰਪੁਰ ਜੋ ਹੁਣ ਪਾਕਿਸਤਾਨ ਵਿਚ ਹੈ 14 ਸਾਲ ਗੁਰੂ ਜੀ ਨੇ ਖੇਤੀ ਕੀਤੀ। ਪਰ ਉਹ ਏਨੇ ਡਰੇ ਹੋਏ ਸਨ ਕੇ ਰਹਿਣ ਲਈ ਤਿਆਰ ਨਹੀਂ ਸਨ।

ਫਿਰ ਬੱਸ ਤਿਆਰੀ ਵਿਚ ਸੀ ਤੇ ਹਿੰਦੂ ਤੇ ਸਿੱਖ ਆਪਸੀ ਵੀਰ ਬਾਬੇ ਨਾਨਕ ਦੇ ਵਾਰਸ ਇਕ ਦੂਜੇ ਨੂੰ ਜੱਫੀਆਂ ਪਾਈ ਬਹੁਤ ਹੀ ਦੁੱਰਦਨਾਕ ਰੋ ਰਹੇ ਸਨ। ਇਹ ਦਰਿਸ਼ ਦੇਖ ਕੇ ਬਹੁਤ ਲੋਕ ਰੋ ਰਹੇ ਸਨ। ਅਸੀਂ ਵੀ ਹੰਝੂ ਨਾ ਸਾਂਭ ਸਕੇ। ਇਕ ਬਜ਼ੁਰਗ ਬੱਸ ਤੇ ਅੱਗੇ ਖਲੋ ਕੇ ਇਹ ਕਹਿ ਰਿਹਾ ਸੀ ਮੈਂ ਮਰ ਜਾਵਾਂਗਾ। ਪਰ ਆਪ ਨੂੰ ਨਹੀਂ ਜਾਣ ਦੇਣਾ। ਉਸੇ ਟਾਈਮ ਇਕ ਛੋਟਾ ਬੱਚਾ ਬੱਸ ਵਿੱਚੋਂ ਉਤਰ ਕੇ ਇਹ ਕਹਿ ਰਿਹਾ ਸੀ ਕੇ ਮੈਂ ਤਾਂ ਪੱਪੂ ਨਾਲ ਹੀ ਖੇਡਾਂਗਾ। ਕਿਉਂਕਿ ਪੱਪੂ ਜਿਸ ਦੇ ਸਿਰ ਤੇ ਰਮਾਲ ਸੀ ਉਹ ਵੀ ਰੋਣਾਂ ਰੋ ਰਿਹਾ ਸੀ ਕੇ ਬੰਟੀ ਮੇਰਾ ਦੋਸਤ ਹੈ ਮੈਂ ਵੀ ਇਸਿ ਨਾਲ ਹੀ ਜਾਵਾਂਗਾ। ਇਸ ਦਰਿਸ਼ ਨੂੰ ਦੇਖਕੇ ਹਰ ਕੋਈ ਰੋ ਰਿਹਾ ਸੀ। ਪਰ ਕੁਝ ਬੋਲ ਕੋਈ ਨਹੀਂ ਸੀ ਰਿਹਾ।

ਅਸੀਂ ਉਥੇ ਆਪ ਨੂੰ ਬਹੁਤ ਯਾਦ ਕੀਤਾ ਕੇ ਭਾਅ ਜੀ ਵੀ ਏਥੇ ਹੋਣ ਤਾਂ ਨਾਟਕ ਖੇਡਿਆ ਜਾ ਸਕਦਾ ਹੈ ਕਿਉ ਕਿ ਪਾਤਰ ਅਸਲੀ ਹਨ ਤੇ ਘਾਟ ਏਥੇ "ਭਾਈ ਮੰਨਾ ਸਿੰਘ" ਦੀ ਹੈ। ਅਸੀਂ ਭਾਅ ਜੀ ਏਨ੍ਹਾਂ ਵੀਰਾਂ ਦੀ ਰਾਖੀ ਕਿਉਂ ਨਹੀਂ ਕਰ ਰਹੇ। ਕੀ ਬਾਬਾ ਨਾਨਕ ਵੀ ਹਿਜਰਤ ਕਰ ਚੁੱਕਾ ਹੈ। ਕਿਉਂ ਨਹੀਂ ਬੋਲਦਾ। ਅੱਜ ਬਾਬਰ ਫਿਰ ਪਾਪ ਦੀ ਜੰਜ ਲੈ ਕੇ ਹਰ ਘਰ ਪਹੁੰਚ ਚੁੱਕਾ ਹੈ ਤੇ ਬਾਬਾ ਨਾਨਕ ਅਸਲ ਵਿੱਚ ਬਾਬਰ ਤੋਂ ਹਰਚੁਕਾ ਹੈ।

ਪਰ ਭਾਅ ਜੀ ਅਸੀਂ ਨਹੀਂ ਹਰ ਰਹੇ ਤੇ ਹਰ ਕੁਰਬਾਨੀ ਕਰਨ ਲਈ ਹਰ ਵਕਤ ਤਿਆਰ ਰਹਿੰਦੇ ਹਾਂ। ਤੁਸੀਂ ਸਾਨੂੰ ਸਹੀ ਦਿਸ਼ਾ ਦਿੰਦੇ ਰਹੋ। ਆਪ ਦੇ ਨਾਟਕ ਜੋ ਵੀਰਵਾਰ ਦੇ ਟੈਲੀਵੀਜਨ ਤੇ ਆਉਂਦੇ ਰਹੇ ਹਨ ਬਹੁਤ ਹੀ ਲੋਕਾਂ ਨੇ ਪਸੰਦ ਕੀਤੇ ਹਨ ਕਈ ਇਹ ਕਹਿੰਦੇ ਹਨ ਕੇ ਅਸੀਂ ਭਾਈ ਮੰਨਾ ਸਿੰਘ ਨੂੰ ਅੱਖੀ ਦੇਖਣਾ ਹੈ। ਭਾਅ ਜੀ ਫਿਰ ਉਪਰ ਲਿਖੀ ਕਹਾਣੀ ਵਰਗਾ ਨਾਟਕ ਜ਼ਰੂਰ ਪੇਸ਼ ਕਰੋ। ਆਪ ਦੀ ਹਰ ਤਰੀਫ਼ ਹੋ ਰਹੀ ਹੈ। ਕਹਾਣੀ ਜ਼ਰੂਰ ਹੀ 'ਸਮਤਾ' ਵਿਚ ਆਵੇ ਨਾਟਕ ਵੀ ਬਣਨਾ ਚਾਹੀਦਾ ਹੈ/ਕੁਝ ਸਾਥੀ

o

ਪਾਸ਼ ਦੀ ਯਾਦ ਵਿਚ

## ਸ਼ਬਦ ਕਤਲ ਨਹੀਂ ਹੁੰਦੇ

—ਹਰਭਜਨ ਸਿੰਘ ਹੁੰਦਲ

ਜਦੋਂ ਵੀ ਬਾਤ ਕਰਦਾ ਸੀ,
ਕੋਇਲ ਜਾਂ ਬੁਲਬੁਲ ਦੀ ਬਾਤ ਕਰਦਾ ਸੀ
ਉਦਾਸੀ ਰੁੱਤ ਦੀ ਹਥੇਲੀ ਫੁੱਲ ਧਰਦਾ ਸੀ।

ਸਹਿਮੇਂ ਚਿਹਰਿਆਂ ਤੇ ਲਿਖੀ ਇਬਾਦਤ ਪੜ੍ਹਦਾ
ਦੂਸ਼ਿਤ ਪੌਣ ਵਿੱਚ ਸ਼ਹਿਦ ਘੋਲਦਾ ਸੀ
ਕੂੜ ਦੀ ਰੁੱਤੇ, ਸੱਚ ਬੋਲਦਾ ਸੀ।

ਉਜੜੀ ਰਾਤ ਦੇ ਬਨੇਰੇ ਤੇ।
ਗੀਤਾਂ ਦੇ ਦੀਵੇ ਜਗਾਉਂਦਾ ਸੀ
ਉੱਜੜੇ ਵਿਹੜਿਆਂ 'ਚ ਰੰਗ ਉਗਾਉਂਦਾ ਸੀ।

ਤੁਸਾਂ ਪੁੜਪੁੜੀ ਤੇ ਰੱਖ ਕੇ, ਪਸਤੌਲ ਦੀ ਨਾਲੀ
ਹੈ ਚੁੱਪ ਕਰਾ ਦਿੱਤਾ,
ਤੇ ਬੜੇ ਖੁਸ਼ ਹੋ।

ਤੁਹਾਨੂੰ ਗਲਤ-ਫਹਿਮੀ ਹੈ
ਸ਼ਬਦ ਚੁੱਪ ਨਹੀਂ ਹੁੰਦੇ।
ਇਹ ਪਿੰਡ ਤੋਂ ਸ਼ਹਿਰ
ਤੇ ਸ਼ਹਿਰਾਂ ਤੋਂ ਮਹਾਂਦੀਪਾਂ ਦਾ ਸਫ਼ਰ ਕਰਦੇ ਨੇ
ਇਹ ਨੰਗੇ ਜਿਸਮ ਤੁਰਦੇ ਨੇ
ਤੇ ਭਖਦੇ ਕੋਲਿਆਂ ਤੇ ਪੈਰ ਧਰਦੇ ਨੇ,

ਸ਼ਬਦ ਕਤਲ ਨਹੀਂ ਹੁੰਦੇ;
ਤੁਸੀਂ ਕਿਸ ਕਿਸ ਜਗ੍ਹਾ ਤੇ ਪਹੁੰਚ ਕੇ
ਛਪੇ ਅੱਖਰਾਂ ਨੂੰ ਪਾੜੋਗੇ ?
ਭਲਾ ਦੱਸੋ ਕਿ ਕਵਿਤਾ ਦੇ ਬਿੰਬਾਂ ਨੂੰ
ਤੁਸੀਂ ਕਿਸ ਅੱਗ ਸਾੜੋਗੇ ?

ਤੁਹਾਨੂੰ ਗਲਤ-ਫਹਿਮੀ ਹੈ
ਗੋਲੀਆਂ ਦੇ ਨਾਲ
ਸ਼ਬਦ ਚੁੱਪ ਨਹੀਂ ਹੁੰਦੇ
ਤੇ ਨਾ ਹੀ ਕਤਲ ਹੁੰਦੇ ਨੇ
ਸ਼ਬਦ ਤਾਂ ਸਫ਼ਰ ਕਰਦੇ ਨੇ।

o

## ਗ਼ਜ਼ਲ/ਮਨਜੀਤ ਕਾਦਰ

ਦੱਸੇਗਾ ਕੋਈ ਉਹ ਕਿੱਦਾਂ ਦਾ ਕਾਫ਼ਰ ਸੀ ?
ਜੀਹਦੇ ਮਨ ਵਿਚ ਮਾਨਵਤਾ ਲਈ ਆਦਰ ਸੀ।
ਨਾ ਗੁਰਧਾਮੀ ਨਾ ਮਸਜਿਦ ਨਾ ਮੰਦਰ ਵਿਚ,
'ਹਮਦਰਦੀ ਦਾ ਰੱਬ' ਜੋ ਉਹਦੇ ਅੰਦਰ ਸੀ।
ਰੌਸ਼ਨੀ ਹੀ ਫਕਤ ਅਕੀਦਾ ਸੀ ਉਹਦਾ,
ਉਹ ਨ੍ਹੇਰੇ ਦੀ ਹਿੱਕ ਤੇ ਚਲਦਾ ਨਸ਼ਤਰ ਸੀ।
ਹਰ ਆਫ਼ਤ ਨੂੰ 'ਜੀ ਆਇਆਂ, ਕਹਿੰਦਾ ਸੀ ਉਹ,
ਬਿਖੜੇ ਪੈਂਡੇ ਟੁਰਦਾ ਇਕ ਮੁਸਾਫ਼ਰ ਸੀ।
ਚੰਨ-ਤਾਰਿਆਂ ਜੇਹੀ ਫ਼ਿਤਰਤ ਸੀ ਉਹਦੀ,
ਉਹ ਜੋ ਚਾਨਣ ਭਰਦਾ ਅੱਖਰ ਅੱਖਰ ਸੀ।
ਉਹਦਾ ਵੀ ਇਕ ਧਰਮ ਸੀ—ਲੋਕਾਂ ਦਾ ਦਰਦ,
ਉਂਜ ਉਹ ਜਾਂਦਾ ਨਾ ਮਸਜਿਦ ਨਾ ਮੰਦਰ ਸੀ।

## ਭਵਿੱਖ ਦੇ ਰੂ-ਬ-ਰੂ/ਮੋਹਨ ਮਤਿਆਲਵੀ

ਉਨ੍ਹਾਂ ਦਾ ਅਤੀਤ ਵੀ ਮਹਿਫੂਜ਼ ਸੀ !
ਉਨ੍ਹਾਂ ਦਾ ਵਰਤਮਾਨ ਤੇ ਭਵਿੱਖ ਵੀ ਮਹਿਫੂਜ਼ ਹੈ !!

ਐਪਰ ਮੇਰੇ ਯਾਰੋ ! ਸੁਰੱਖਿਆ ਦੇ ਸਾਏ ਹੇਠ
ਬੋਹੜਾਂ ਦੇ ਟੁੱਟੇ ਟਾਹਣਿਆਂ ਦਾ ਕੀ ਕਰਾਂਗੇ ?
ਜਿਨ੍ਹਾਂ ਮਾਵਾਂ ਦੀਆਂ ਅੱਖਾਂ ਦੀ ਲੋਅ
ਕੁਲਹਿਣੇ ਨ੍ਹੇਰਿਆਂ ਨੇ ਖਾ ਲਈ
ਉਨ੍ਹਾਂ ਅੱਖਾਂ 'ਚ ਰੌਸ਼ਨੀ ਕਿੱਥੋਂ ਭਰਾਂਗੇ ?
ਅਚਾਨਕ ! ਰੁਕ ਗਏ ਚਾਵਾਂ ਭਰੇ ਹੱਥਾਂ ਦਾ ਕੀ ਕਰਾਂਗੇ ?
ਜਿਨ੍ਹਾਂ ਦੀ ਮਾਂਗ 'ਚੋਂ ਵਹਿਸ਼ੀ ਝੱਖੜ ਨੇ
ਧੂੜ ਵਾਂਗ ਉਡਾ ਦਿੱਤੇ ਸੰਧੂਰ, ਕਿੱਦਾਂ ਭਰਾਂਗੇ ?
ਮਾਸੂਮ ਫੁੱਲਾਂ ਨੂੰ ਕਿੱਥੋਂ ਲੱਭ ਕੇ ਦਿਆਂਗੇ—
ਉਨ੍ਹਾਂ ਦਾ ਬਾਗ਼ਬਾਂ ?
ਲੁੱਟੀਆਂ ਹੋਈਆਂ ਅਸਮਤਾਂ ਨੂੰ
ਕਿਵੇਂ ਮੋੜਾਂਗੇ ਉਨ੍ਹਾਂ ਦੀ ਪਾਵਨਤਾ ?

ਮੇਰੇ ਯਾਰੋ !
ਕੀ ਅਸੀਂ ਆਪਣਾ ਸਭ ਕੁਝ ਮਹਿਫੂਜ਼ ਨਹੀਂ ਕਰ ਸਕਦੇ ?
ਕੀ ਮਨੁੱਖੀ ਧਰਮ ਦਾ ਫ਼ਲਸਫ਼ਾ ਅਜੇ ਵੀ
ਸਾਡੇ ਗਿਆਨ ਦੀਆਂ ਹੱਦਾਂ ਤੋਂ ਬਾਹਰ ਹੈ ?
ਜੇ ਅਸੀਂ ਸਚਮੁਚ ਨਿਪੁੰਸਕ ਹੋ ਗਏ ਹਾਂ
ਤਾਂ ਇਹ ਖੋਟੇ ਸਿੱਕੇ ਸਰੇ-ਬਾਜ਼ਾਰ ਚੱਲਦੇ ਰਹਿਣਗੇ।
ਸਣੇ ਕੁਰਸੀ ਉਨ੍ਹਾਂ ਦਾ ਸਭ ਕੁਝ ਮਹਿਫੂਜ਼ ਹੈ
ਪਰਚੀਆਂ ਦੇ ਬਕਸਿਆਂ 'ਚ !
ਜਿਸ ਦੀ ਕੁੰਜੀ ਸ਼ਾਹੀ ਰੰਡੀਆਂ
ਆਪੋ-ਆਪਣੀ ਸੁੱਥਣ ਦੇ ਨਾਲੇ ਲੜ ਬੰਨ੍ਹੀ ਹੋਈ ਹੈ।

# ਪਾਠਕ ਲੇਖਕ ਫੋਰਮ

ਸਮਤਾ ਦੇ ਪਿਛਲੇ ਅੰਕਾਂ ਵਿਚ ਅਸੀਂ ਵਿਚਾਰ ਚਰਚਾ ਲਈ ਕੁਝ ਲੇਖ ਛਾਪੇ ਹਨ। ਇਹਨਾਂ ਵਿਚੋਂ ਇਕ ਸਾਥੀ ਅਜਮੇਰ ਸਿੰਘ ਦਾ ਹੈ। ਇਹ ਸਾਥੀ ਕਮਿਊਨਿਸਟ ਇਨਕਲਾਬੀਆਂ ਦੇ ਉਸ ਗਰੁੱਪ ਦਾ ਆਗੂ ਹੈ ਜੋ ਸਾਧਾਰਨ ਕੈਡਰ ਵਿਚ ਪੈਗਾਮ ਗਰੁੱਪ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਕ ਲੇਖ ਸਾਥੀ ਜਸਪਾਲ ਜੱਸੀ ਦਾ ਹੈ, ਜਿਸ ਵਿਚ ਮੇਰੇ ਸਟੈਂਡ ਦੀ ਅਲੋਚਨਾ ਕਰਦੇ ਹੋਏ ਜਸਪਾਲ ਜੱਸੀ ਨੇ ਉਸ ਗਰੁੱਪ ਦਾ ਪੱਖ ਪੇਸ਼ ਕੀਤਾ ਹੈ, ਜੋ ਕਮਿਊਨਿਸਟ ਇਨਕਲਾਬੀਆਂ ਵਿਚ ਨਾਗੀ ਰੈਡੀ ਗਰੁੱਪ ਦੇ ਨਾ ਨਾਲ ਜਾਣਿਆ ਜਾਂਦਾ ਹੈ। ਪੰਜਾਬ ਦੇ ਮਸਲੇ ਤੇ ਪੈਗਾਮ ਗਰੁੱਪ ਅਤੇ ਨਾਗੀ ਰੈਡੀ ਗਰੁੱਪ ਦੇ ਪੱਖ ਬਿਲਕੁਲ ਸਿਰੇ ਤੋਂ ਹੀ ਇਕ ਦੂਜੇ ਤੋਂ ਵੱਖ ਹਨ। ਇਕ ਹੋਰ ਦਸਤਾਵੇਜ਼ ਜੋ ਸਾਥੀ ਵਿਨੋਦ ਮਿਸ਼ਰਾ ਹੋਰਾਂ ਦਾ 'ਕੌਮੀ ਬਦਲ' ਬਾਰੇ ਕਮਿਊਨਿਸਟ ਇਨਕਲਾਬੀਆਂ ਦੇ ਪੱਖ ਨੂੰ ਦਰਸਾਉਂਦਾ ਹੈ ਛਾਪਿਆ ਹੈ। ਸਾਥੀ ਵਿਨੋਦ ਮਿਸ਼ਰਾ ਕੌਮੀ ਪੱਧਰ ਤੇ ਉਸ ਸੋਚ ਦੇ ਧਾਰਨੀ ਹਨ, ਜਿਸ ਸੋਚ ਦਾ ਪ੍ਰਗਟਾਵਾ ਆਈ. ਪੀ. ਐਫ (Indian Peoples Front) ਦੇ ਪਲੇਟਫਾਰਮ ਤੋਂ ਲੋਕਾਂ ਵਿਚ ਜਾਂਦਾ ਹੈ। ਇਸ ਤੋਂ ਇਲਾਵਾ ਸਮਤਾ ਦੇ ਸੰਪਾਦਕੀ ਨੋਟਾਂ ਵਿਚ ਮੈਂ ਆਪਣਾ ਪੱਖ ਵੀ ਅੱਜ ਦੇ ਦਰਪੇਸ਼ ਮਸਲਿਆਂ ਬਾਰੇ ਲਿਖਦਾ ਰਹਿੰਦਾ ਹੈ। ਜਸਪਾਲ ਜੱਸੀ ਨੇ ਆਪਣੀ ਲਿਖਤ ਵਿਚ ਕੁਝ ਸਵਾਲ ਮੇਰੇ ਲਈ ਖੜੇ ਕੀਤੇ ਸਨ। ਮੇਰਾ ਖਿਆਲ ਸੀ ਕਿ ਮੇਰੀਆਂ ਸਮਤਾ ਦੀਆਂ ਲਿਖਤਾਂ ਵਿਚ ਉਹਨਾਂ ਦਾ ਜਵਾਬ ਮੌਜੂਦ ਹੈ ਜਾਂ ਅਗਲੀ ਬਹਿਸ ਵਿਚ ਵੀ ਹੋਰਨਾਂ ਸਾਥੀਆਂ ਵਲੋਂ ਉਹ ਜਵਾਬ ਆਂਦੇ ਰਹਿਣਗੇ, ਉਹ ਆ ਵੀ ਰਹੇ ਹਨ, ਪਰ ਮੈਂ ਇਕ ਵਾਰੀ ਉਹਨਾਂ ਨੂੰ ਫੇਰ ਸਪੱਸ਼ਟ ਦੱਸ ਕੇ ਅਤੇ ਇਹਨਾਂ ਮੁਦਿਆਂ ਉਤੇ ਹੋਰਨਾਂ ਪਾਠਕਾਂ ਵਲੋਂ ਆਈਆਂ ਚਿੱਠੀਆਂ ਛਾਪ ਕੇ ਇਸ ਬਹਿਸ ਨੂੰ ਜਾਰੀ ਰੱਖਣਾ ਚਾਹੁੰਦਾ ਹਾਂ ਤਾਂ ਜੋ ਇਕ ਦੂਜੇ ਦੇ ਪੱਖ ਨੂੰ ਸਮਝਦੇ ਹੋਏ ਆਪਣੇ ਨਿਸ਼ਾਨੇ ਵਲ ਅੱਗੇ ਵੱਧ ਸਕੀਏ। ਇਹ ਨਿਸ਼ਾਨਾ **ਸਮਾਜਕ ਇਨਸਾਫ ਵਾਲਾ** ਸਮਾਜ ਬਨਾਉਣ ਤੋਂ ਸਿਵਾ ਹੋਰ ਕੁਝ ਨਹੀਂ, ਜਿਸ ਵਿਚ ਸਾਰੇ ਲੋਕ ਆਜ਼ਾਦੀ ਤੇ ਬਰਾਬਰਤਾ ਮਾਨ ਸਕਨ, ਘੱਟ ਗਿਣਤੀ ਵਾਲੀਆਂ ਸਭਿਆਚਾਰਕ ਇਕਾਈਆਂ ਦੇ ਸਭਿਆਚਾਰ ਦੀ ਰਖਵਾਲੀ ਹੋਵੇ ਤੇ ਕੋਈ ਦੂਜੇ ਦੀ ਮੇਹਨਤ ਦੀ ਲੁੱਟ ਨਾ ਕਰ ਸਕੇ। ਸਾਡੀ ਸਿਆਸਤ ਇਹਨਾਂ ਮੁਦਿਆਂ ਤੇ ਲੋਕਾਂ ਵਿਚ ਵਿਸ਼ਾਲ ਪੱਧਰ ਤੇ ਜਾਣੀ ਚਾਹੀਦੀ ਹੈ/ਗੁਰਸ਼ਰਨ ਸਿੰਘ

---

## ਮੇਰਾ ਪੱਖ

o ਇਸ ਵੇਲੇ ਪੰਜਾਬ ਦਾ ਮਸਲਾ ਸੌ ਫੀ ਸਦੀ ਭਾਰਤੀ ਸਟੇਟ ਦੀਆਂ ਦੀਵਾਲੀਆ ਨੀਤੀਆਂ ਦੀ ਦੇਣ ਹੈ। ਇਥੇ ਮੈਂ ਸ਼ਬਦ **ਸੌ ਫੀ ਸਦੀ** ਤਾਂ ਵਰਤਨਾ ਹਾਂ ਕਿ ਭਾਰਤ ਅਤੇ ਪੰਜਾਬ ਦਾ ਸਾਰਾ ਪ੍ਰਬੰਧ ਭਾਰਤੀ ਸਟੇਟ ਚਲਾ ਰਹੀ ਹੈ। ਇਸ ਪ੍ਰਬੰਧ ਵਿਚ ਜੇਕਰ ਲੋਕਾਂ ਦਾ ਅਮਨ ਅਤੇ ਸ਼ਾਂਤੀ ਨਾਲ ਜੀਣ ਦਾ ਹੱਕ ਜਾਂ ਕਹਿ ਲਵੋ ਆਪਣੇ ਆਪ ਵਿਚ ਜੀਣ ਦਾ ਹੱਕ ਹੀ ਖੁੱਸ ਰਿਹਾ ਹੈ, ਲੋਕ ਆਪਣੇ ਘਰਾਂ ਤੋਂ ਹਿਜਰਤ ਕਰਨ ਤੇ ਮਜਬੂਰ ਹਨ ਤਾਂ ਇਹਦੀ ਸਾਰੀ ਜ਼ਿਮੇਵਾਰੀ ਭਾਰਤੀ ਸਟੇਟ ਉਤੇ ਹੀ ਹੈ। ਜਿਨਹਾਂ ਨੂੰ ਖਾਲਿਸਤਾਨੀ ਦਹਿਸ਼ਤਗਰਦ ਆਖਿਆ ਜਾਂਦਾ ਹੈ, ਉਹ ਆਪਣੀਆਂ ਕਾਰਵਾਈਆਂ ਦੇ ਕਾਰਨ ਇਕ ਦਿਨ ਵਿਚ ਹੀ ਲੋਕਾਂ ਵਿਚੋਂ ਨਿਖੇੜੇ ਜਾਣ ਜੇਕਰ ਭਾਰਤੀ ਸਟੇਟ ਦੀਆਂ ਨੀਤੀਆਂ ਦੀ ਵਜਾ ਕਾਰਨ ਉਹਨਾਂ ਨੂੰ ਲੋਕਾਂ ਵਲੋਂ **ਅਸਿੱਧੀ ਸਮਰਥਨਾ** ਨਾ ਮਿਲਦੀ ਹੋਵੇ। ਭਾਰਤੀ ਸਟੇਟ ਸ਼ਤਰੰਜੀ ਚਾਲਾਂ ਚਲ ਕੇ ਆਪਣੀ ਸੰਕਟਮਈ ਉਮਰ ਨੂੰ ਲੰਮਾ ਕਰ ਰਹੀ ਹੈ। ਕਦੀ ਸਿੰਘ ਸਾਹਿਬਾਨ ਦੇ ਸਿਰਾਂ ਤੇ ਇਨਾਮ ਰੱਖ ਦੇਂਦੀ ਹੈ, ਕਦੀ ਉਹਨਾਂ ਨੂੰ ਸਨਮਾਨਤ ਕਰ ਦੇਂਦੀ ਹੈ, ਕਦੀ ਉਹਨਾਂ ਨੂੰ ਜੇਲ੍ਹਾਂ ਵਿਚ ਸੁੱਟ ਦੇਂਦੀ ਹੈ। ਕਦੀ ਖਾੜੂਆਂ ਨੂੰ ਹਰਮਿੰਦਰ ਸਾਹਿਬ ਵਿਚ ਪਨਾਹ ਲੈਣ ਦੀ ਇਜ਼ਾਜ਼ਤ ਦੇ ਦੇਂਦੀ ਹੈ। ਕਦੀ ਉਹਨਾਂ ਨੂੰ ਹਰਿਮੰਦਰ ਸਾਹਿਬ ਤੋਂ ਬਾਹਰ ਕਢਣ ਲਈ ਫੌਜੀ ਜਾਂ ਨੀਮ ਫੌਜੀ ਕਾਰਵਾਈ ਆਰੰਭ ਦੇਂਦੀ ਹੈ ਤੇ ਇਸ ਤਜਰਬੇ ਵਿਚ ਹਜ਼ਾਰ ਪੰਦਰਾਂ ਸੌ ਸਾਧਾਰਨ ਲੋਕਾਂ ਦਾ ਘਾਣ ਕਰਵਾ ਦੇਂਦੀ ਹੈ। ਇਹਨਾਂ ਹਾਲਤਾਂ ਵਿਚ ਜੇਕਰ ਕੋਈ ਭਾਰਤੀ ਸਟੇਟ ਨੂੰ ਇਕ ਫੀ ਸਦੀ ਵੀ ਜੁਰਮ ਤੋਂ ਬਰੀ ਕਰਦਾ ਹੈ ਤਾਂ ਉਹ ਠੀਕ ਪਹੁੰਚ ਨਹੀਂ ਹੋਵੇਗੀ। ਇਸ ਲਈ ਦੇਸ਼ ਭਰ ਦੀਆਂ ਇਨਕਲਾਬੀ ਜਮਹੂਰੀ ਸ਼ਕਤੀਆਂ, ਜਿਸ ਵਿਚ ਪੰਜਾਬ ਦੀਆਂ ਇਨਕਲਾਬੀ ਜਮਹੂਰੀ ਸ਼ਕਤੀਆਂ ਸ਼ਾਮਲ ਹਨ, ਦਾ ਫਰਜ਼ ਬਣਦਾ ਹੈ ਕਿ ਆਪਣਾ ਮੁੱਖ ਸੰਘਰਸ਼ ਭਾਰਤੀ ਸਟੇਟ ਵਲ ਹੀ ਸੇਧਤ ਕਰਨ। ਖਾਲਿਸਤਾਨੀ ਜਾਂ ਪਾਕਿਸਤਾਨੀ ਜੋ ਕੁਝ ਗ਼ਲਤ ਕਰਦੇ ਹਨ ਜਾਂ ਕਰ ਸਕਦੇ ਹਨ, **ਉਹਦੀ ਜ਼ਿਮੇਵਾਰੀ ਵੀ ਭਾਰਤੀ ਸਟੇਟ ਦੀ ਹੈ।**

o ਕਾਂਗਰਸ ਪਾਰਟੀ ਜਿਸ ਦਾ ਮੁੱਖੀ ਹੁਣ ਰਾਜੀਵ

ਗਾਂਧੀ ਹੈ, ਪਿਛਲੇ 40 ਸਾਲਾਂ ਤੋਂ ਭਾਰਤੀ ਸਟੇਟ ਤੇ ਰਾਜ਼ ਮੁੱਖ ਪਾਰਟੀ ਹੈ। ਇਸ ਲਈ ਭਾਰਤੀ ਸਟੇਟ ਤੇ ਸੱਟ ਮਾਰਨ ਲਈ ਕਾਂਗਰਸ ਨੂੰ ਹਰਾਉਣਾ ਜਾਂ ਰਾਜੀਵ ਨੂੰ ਹਟਾਉਣਾ ਇਕ ਜ਼ਰੂਰੀ ਕਦਮ ਹੈ। ਇਸ ਕੰਮ ਲਈ ਜਿਹੜੀਆਂ ਰਾਜੀਵ ਵਿਰੁੱਧੀ ਸ਼ਕਤੀਆਂ ਹਨ, (ਭਾਂਵੇ ਉਹ ਹਾਕਮ ਜਮਾਤਾਂ ਵਿਚੋਂ ਹੀ ਹਨ) ਉਹਨਾਂ ਨਾਲ ਰੱਲ ਕੇ ਸੀਮਤ ਸਰਗਰਮੀਆਂ ਕਰਨੀਆਂ ਇਨਕਲਾਬੀ ਜਮਹੂਰੀ ਲਹਿਰ ਲਈ ਲਾਹੇਵੰਦ ਹੋਵੇਗਾ। ਇਹਨਾਂ ਕਾਰਵਾਈਆਂ ਤੋਂ ਪਾਸਾ ਨਹੀਂ ਵਟਨਾ ਚਾਹੀਦਾ। ਐਮਰਜੈਂਸੀ ਵਿਰੁਧ ਭਾਰਤ ਪੱਧਰ ਤੇ ਇਹ ਕਾਰਵਾਈ ਹੋਣੀ ਚਾਹੀਦੀ ਹੈ। ਇਨਕਲਾਬੀ ਜਮਹੂਰੀ ਸ਼ਕਤੀਆਂ ਜਦੋਂ ਇਹੋ ਜਹੀਆਂ ਸਰਗਰਮੀਆਂ ਵਿਚ ਸ਼ਾਮਲ ਹੋਣ ਤਾਂ ਬੜਾ ਖੁਲ੍ਹ ਕੇ ਆਪਣੀ ਸਿਆਸਤ ਦਾ ਪਰਚਾਰ ਜ਼ਰੂਰ ਕਰਨ।

o ਖਾਲਿਸਤਾਨੀ ਲਹਿਰ ਦਾ ਇਕ ਅੰਸ਼ ਘੱਟ ਗਿਣਤੀ ਦੀ ਕੌਮੀਅਤ ਦਾ ਭਾਰਤੀ ਸਟੇਟ ਵਿਰੁੱਧ ਰੋਸ ਦਾ ਜ਼ਰੂਰ ਹੈ ਪਰ ਇਸ ਦਾ ਭਾਰੂ ਅੰਸ਼ ਧਾਰਮਕ ਕਟੜਵਾਦੀ ਸਟੇਟ ਦੇ ਸੰਕਲਪ ਦਾ ਹੈ, ਜਿਸ ਦੇ ਨਾਲ ਫਿਲਾਸਫੀ ਦੇ ਪੱਧਰ ਤੇ ਸਾਡਾ ਕੋਈ ਸਮਝੌਤਾ ਨਹੀਂ ਹੋ ਸਕਦਾ। ਧਾਰਮਕ ਕਟੜਵਾਦ ਬੁਨਿਆਦੀ ਤੌਰ ਤੇ ਫਾਸ਼ੀ ਰੁੱਚੀਆਂ ਨੂੰ ਜਨਮ ਦੇਂਦੀ ਹੈ, ਜੋ ਦੂਜਿਆ ਦੇ ਜੀਣ ਦੇ ਹੱਕ ਤੇ ਛਾਪਾ ਮਾਰਦੀਆਂ ਹਨ। ਖਾਲਿਸਤਾਨੀ ਲਹਿਰ ਦੇ ਦੂਜੇ ਅੰਸ਼ ਦੀ ਵਿਰੋਧਤਾ ਕਰਨੀ ਸਾਡਾ ਫਰਜ਼ ਹੈ ਤੇ ਇਹ ਫਰਜ਼ ਨਿਭਾਉਂਦਿਆਂ ਹੋਇਆ ਇਸ ਗੱਲ ਦਾ ਖਿਆਲ ਰਖਣਾ ਜ਼ਰੂਰੀ ਹੈ ਕਿ ਅਸੀਂ ਇਕ ਪਾਸੇ ਭਾਰਤੀ ਸਟੇਟ ਦੇ ਹੱਕ ਵਿਚ ਵੀ ਨਾ ਭੁਗਤੀਏ ਤੇ ਦੂਜੇ ਪਾਸੇ ਆਪਣੇ ਸਾਧਾਰਨ ਲੋਕਾਂ ਨੂੰ (ਜੋ ਆਪਦੇ ਹੀ ਧੀਆਂ ਪੁੱਤ ਨੇ) ਧਾਰਮਕ ਕਟੜਵਾਦ ਦੇ ਰਾਹ ਤੋਂ ਬਚਾਈਏ। ਇਹ ਖਾਲਿਸਤਾਨੀ ਲਹਿਰ ਵਲ ਨਰਮ ਪਹੁੰਚ ਨਹੀਂ ਹੋਵੇਗੀ, ਸਗੋਂ ਸਹੀ ਪੈਂਤੜਾ ਹੋਵੇਗਾ। ਮੁੱਖ ਦੁਸ਼ਮਣ ਨੂੰ ਕਦੀ ਵੀ ਨਾ ਭੁਲਾਣ ਵਾਲਾ ਪੈਂਤੜਾ ਹੋਵੇਗਾ।

o ਭਾਰਤੀ ਸੰਵਿਧਾਨ ਸਾਡੇ ਲਈ ਕੋਈ ਪਵਿਤ੍ਰ ਨਹੀਂ। ਜਿਹੜੇ ਇਹਨੂੰ ਪਵਿਤ੍ਰ ਕਹਿੰਦੇ ਨੇ, ਉਹਨਾਂ ਨੇ ਆਪ ਸੈਂਕੜੇ ਵਾਰ ਇਹਦੀਆਂ ਤਰਮੀਮਾਂ ਕਰਕੇ ਇਹਦਾ ਹੁਲੀਆ ਵਿਗਾੜ ਦਿਤਾ ਹੈ। ਇਸ ਵਿਚ ਹੁਣ ਲੋਕਾਂ ਦੇ ਜ਼ਮਹੂਰੀ ਹੱਕ ਖੋਹਣ ਲਈ ਸਾਰੀਆਂ ਤਾਨਾਸ਼ਾਹੀ ਧਾਰਾਵਾਂ ਸ਼ਾਮਲ ਹਨ। ਭਾਰਤੀ ਸਟੇਟ ਜੇਕਰ ਇਹ ਕਹਿੰਦੀ ਹੈ ਕਿ ਖਾਲਿਸਤਾਨ ਦੀ ਮੰਗ ਸੰਵੀਧਾਨ ਦੇ ਵਿਰੁੱਧ ਹੈ ਤਾਂ ਸਾਡਾ ਕੋਈ ਫਰਜ਼ ਨਹੀਂ ਕਿ ਖਾਲਿਸਤਾਨੀ ਦੇ ਵਿਰੁੱਧ ਅਸੀਂ ਵੀ ਇਹ ਦਲੀਲ ਦੇਈਏ। ਸਾਡੀ ਇਨਕਲਾਬ ਦੀ ਮੰਗ ਵੀ ਭਾਰਤੀ ਸੰਵੀਧਾਨ ਦੇ ਉਲਟ ਹੀ ਜਾਂਦੀ ਹੈ। ਇਨਕਲਾਬ ਭਾਰਤੀ ਸਵੀਧਾਨ ਦੇ ਘੇਰੇ ਵਿਚ ਨਹੀਂ ਲਿਆਇਆ ਜਾ ਸਕਦਾ। ਸੰਵੀਧਾਨ ਲੋਕ ਵਿਰੋਧੀ ਹੈ, ਇਹਦੇ ਬਾਰੇ ਕੋਈ ਰੌਲਾ ਨਹੀਂ। ਸਾਡੀ ਮੁੜ ਮੁੜ ਕੇ ਖਾਲਿਸਤਾਨੀ ਲਹਿਰ ਵਿਰੁਧ ਇਹੀ ਵਡੀ ਦਲੀਲ ਹੋਵੇਗੀ ਕਿ ਇਹ ਧਾਰਮਕ ਕਟੜਤਾ ਵਾਲੀ ਸਟੇਟ ਦਾ ਸੰਕਲਪ ਲੈ ਕੇ ਚਲੀ ਹੋਈ ਲਹਿਰ ਹੈ ਜੋ ਇਤਹਾਸ ਦਾ ਪਹੀਆ ਪੁੱਠਾ ਚਲਾਉਣਾ ਚਾਹੁੰਦੀ ਹੈ। ਸਾਡੇ ਪੈਗਾਮ ਗਰੁੱਪ ਦੇ ਸਾਥੀਆਂ ਨੂੰ ਇਹ ਗੱਲ ਬੜੀ ਸ਼ਿਦਤ ਨਾਲ ਨੋਟ ਕਰਨੀ ਚਾਹੀਦੀ ਹੈ (ਉਹਨਾਂ ਨੇ ਨੋਟ ਕੀਤੀ ਵੀ ਹੋਈ ਹੈ) ਕਿ ਇਹ ਲਹਿਰ ਕੋਈ ਪੰਜਾਬੀ ਕੌਮ ਦੀ ਮੁਕਤੀ ਦੀ ਲਹਿਰ ਨਹੀਂ। ਇਸ ਲਈ ਇਸ ਨੂੰ ਐਵੇਂ ਕੌਮੀਅਤਾਂ ਦੀ ਆਜ਼ਾਦੀ ਦੀ ਲੜਾਈ ਦੀ ਅਹਿਮੀਅਤ ਦੇਣੀ ਖਾਮਹਾਹ ਗਲਤ ਰੁਝਾਣਾਂ ਨੂੰ ਪੱਠੇ ਪਾਉਣੇ ਹਨ। ਉਹਨਾਂ ਨੂੰ ਆਪਣੀਆ ਸਰਗਰਮੀਆਂ ਦੀ ਇਸ ਤਰ੍ਹਾਂ ਯੋਜਨਾ ਬੱਧੀ ਕਰਨੀ ਚਾਹੀਦੀ ਹੈ ਕਿ ਉਹ ਕਮਿਊਨਿਸਟ ਇਨਕਲਾਬੀਆਂ ਦੇ ਨੇੜੇ ਆਉਣ ਨਾਂ ਕਿ ਖਾਲਿਸਤਾਨੀਆਂ ਦੇ ਪੱਖ ਵਿਚ ਭੁਗਤਨ ਦਾ ਪ੍ਰਭਾਵ ਦੇਣ। ਖਾਲਿਸਤਾਨੀ ਲਹਿਰ ਅਤੇ ਕਮਿਊਨਿਸਟ ਇਨਕਲਾਬੀਆਂ ਦੀ ਲਹਿਰ ਵਿਚ ਬੁਨਿਆਦੀ ਵਖਰੇਵੇ ਹਨ। ਇਹ ਗੱਲ ਖਾਲਿਸਤਾਨੀ ਚੰਗੀ ਤਰ੍ਹਾਂ ਸਮਝਦੇ ਹਨ। ਸਾਡੇ ਪੈਗਾਮ ਦੇ ਸਾਥੀ ਇਹਨੂੰ ਕਿਉਂ ਭੁਲਦੇ ਹਨ? ਉਹਨਾਂ ਨੂੰ ਭੁਲਣਾ ਨਹੀਂ ਚਾਹੀਦਾ।

o ਖਾਲਿਸਤਾਨੀ ਕਾਤਲਾਂ ਦੀ ਗੱਲ ਕਰਦਿਆਂ ਮੇਰੇ ਉਤੇ ਸਵਾਲ ਕੀਤਾ ਗਿਆ ਹੈ ਕਿ ਕੀ ਹਲਕੇ ਹੋਏ ਕੁੱਤੇ ਨੂੰ ਖੁਲ੍ਹਾ ਛੱਡ ਦੇਈਏ? ਮੈਂ ਤਾਂ ਕਿਤੇ ਵੀ ਇਹ ਨਹੀਂ ਕਿਹਾ ਕਿ ਖੁਲ੍ਹਾ ਛੱਡ ਦਿਤਾ ਜਾਏ ਪਰ ਮੈਂ ਇਹ ਗੱਲ ਜ਼ਰੂਰ ਕਹਿਣਾ ਕਿ ਸਾਡਾ ਇਹ ਦੇਖਣਾ ਬਣਦਾ ਹੈ ਕਿ ਇਹ ਕੁਤਾ ਹਲਕਾਇਆ ਕਿਸ ਨੇ ਹੈ? ਫੇਰ ਇਹ ਸਮਝ ਲੈਣਾ ਚਾਹੀਦਾ ਹੈ ਕਿ ਹਲਕੇ ਕੁਤੇ ਨੂੰ ਖਤਮ ਕਰਨਾ ਕਮੇਟੀ ਵਾਲਿਆਂ ਦਾ ਫਰਜ਼ ਹੈ, ਜਿਨ੍ਹਾਂ ਕੋਲ ਇਸ ਨੂੰ ਖਤਮ ਕਰਨ ਦੇ ਸਾਧਨ ਹਨ। ਖਾਹਮਖਾਹ ਇਹ ਫਰਜ਼ ਆਪਣੇ ਤੇ ਨਹੀਂ ਲੈਣਾ ਚਾਹੀਦਾ। ਆਪਣੇ ਬਚਾਅ ਲਈ ਲਾਠੀ ਜ਼ਰੂਰ ਰੱਖਣੀ ਚਾਹੀਦੀ ਹੈ ਪਰ ਕੋਸ਼ਿਸ਼ ਇਹ ਵੀ ਕਰਨੀ ਚਾਹੀਦੀ ਹੈ ਕਿ ਹਲਕੇ ਕੁਤੇ ਦੇ ਰਾਹ ਨਾ ਜਾਇਆ ਜਾਏ। ਹਾਂ ਜੇਕਰ ਲਾਠੀਆਂ ਵਾਲੇ ਏਨੇ ਲੋਕ ਇਕੱਠੇ ਕੀਤੇ ਜਾ ਸਕਦੇ ਹਨ ਕਿ ਹਲਕੇ ਕੁਤੇ ਨੂੰ ਘੇਰ ਕੇ ਮਾਰਿਆ ਜਾ ਸਕਦਾ

ਹੈ ਤਾਂ ਫੇਰ ਇਹ ਰਾਹ ਅਪਣਾਉਣੇ ਵਿਚ ਕੋਈ ਹਰਜ ਨਹੀਂ। ਪਰ ਜੇਕਰ ਇਹ ਰਾਹ ਅਪਣਾ ਸਕਦੇ ਹਾਂ ਤਾਂ ਫੇਰ ਇਹ ਵੀ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਕਮੇਟੀ ਘਰ ਦੇ ਸ਼ੀਸ਼ੇ ਵੀ ਤੋੜੇ ਜਾ ਸਕਦੇ ਹਨ, ਜਿਥੇ ਉਹ ਪ੍ਰਬੰਧਕ ਬੈਠੇ ਹਨ, ਜਿਨ੍ਹਾਂ ਦੀਆਂ ਦੀਵਾਲੀਆ ਨੀਤੀਆਂ ਦੀ ਇਹ ਦੇਣ ਹੈ ਕਿ ਹਲਕੇ ਕੁਤੇ ਥਾਂ ਥਾਂ ਫਿਰਦੇ ਹਨ। ਗੱਲ ਫੇਰ ਇਥੇ ਆਪਣੀ ਸ਼ਕਤੀ ਦੀ ਸੀਮਾ ਤੇ ਆ ਕੇ ਰੁਕ ਜਾਂਦੀ ਹੈ। ਉਂਝ ਮੇਰਾ ਇਹ ਯਕੀਨ ਹੈ ਕਿ ਹਲਕੇ ਕੁਤਿਆਂ ਵਰਗੀਆਂ ਤਸ਼ਬੀਹਾ ਠੀਕ ਨਹੀਂ। ਸਿਆਸੀ ਮਸਲਿਆਂ ਨੂੰ ਸਿਆਸੀ ਢੰਗ ਨਾਲ ਹੀ ਨਿਬੜਣਾ ਚਾਹੀਦਾ ਹੈ। ਖ਼ਾਲਿਸਤਾਨੀ ਲਹਿਰ ਇਕ ਧਾਰਮਕ ਕਟੜਤਾ ਦੀ ਲਹਿਰ ਹੈ, ਜਿਸ ਦਾ ਫਾਸ਼ੀ ਤੇ ਤਾਨਾਸ਼ਾਹੀ ਹੋਣਾ ਸੁਭਾਵਕ ਹੈ। ਇਹ ਗੱਲ ਪਾਕਿ- ਸਤਾਨ, ਈਰਾਨ, ਇਜ਼ਰਾਈਲ ਆਦਿਕ ਦੀਆਂ ਮਿਸਾਲਾਂ ਲੈ ਕੇ ਦੇਖੀ ਜਾ ਸਕਦੀ ਹੈ। ਇਸ ਦੀ ਵਿਰੋਧਤਾ ਵੀ ਫਿਲਾਸਫੀ ਦੀ ਸ਼ਕਤੀ ਨਾਲ ਇਸੇ ਪੱਧਰ ਤੇ ਹੋਣੀ ਚਾਹੀਦੀ ਹੈ। ਇਹ ਵਿਰੋਧਤਾ ਬੜੇ ਯਕੀਨ ਅਤੇ ਸਬਰ ਨਾਲ ਹੋਣੀ ਚਾਹੀਦੀ ਹੈ। ਸੰਤ ਭਿੰਡਰਾਂ ਵਾਲਾ ਦੇ ਧਾਰਮਕ ਜਨੂੰਨ ਦੇ ਫਲਸਫੇ ਦੀ ਵਿਰੋਧਤਾ ਕਰਨ ਵੇਲੇ ਸ਼ਬਦਾਵਲੀ ਸੋਚ ਸਮਝਕੇ ਹੋਣੀ ਚਾਹੀਦੀ ਹੈ। ਉਹ ਬਹੁਤ ਸਾਰੇ ਸਾਧਾਰਨ ਲੋਕਾਂ ਵਿਚ ਸ਼ਰਧਾ ਦੀ ਥਾਂ ਰੱਖਦੇ ਹਨ ਇਹ ਗਲ ਭੁਲਣੀ ਨਹੀਂ ਚਾਹੀਦੀ।

o ਗੋਲਮੇਜ਼ ਕਾਨਫਰੰਸ ਦੇ ਮੇਰੇ ਸੁਝਾਅ ਬਾਰੇ ਵੀ ਸਵਾਲ ਕੀਤੇ ਗਏ ਹਨ। ਅਖੇ ਸਾਡਾ ਇਹ ਕੰਮ ਨਹੀਂ ਹੋਣਾ ਚਾਹੀਦਾ। ਕਿਉਂ ਨਹੀਂ ਹੋਣਾ ਚਾਹੀਦਾ? ਇਸ ਵੇਲੇ ਪੰਜਾਬ ਦੇ ਲੋਕਾਂ ਦੀ ਵੱਡੀ ਮੰਗ ਅਮਨ ਤੇ ਸ਼ਾਂਤੀ ਦੀ ਹੈ। ਕਿਸੇ ਇਕ ਮੁਹੱਲੇ ਵਿਚ ਦੋ ਧਿਰਾਂ ਦੀ ਲੜਾਈ ਹੋ ਰਹੀ ਹੋਵੇ ਤੇ ਘਾਣ ਸਾਧਾਰਨ ਲੋਕਾਂ ਦਾ ਹੋ ਰਿਹਾ ਹੋਵੇ ਤਾਂ ਲੜਾਈ ਬੰਦ ਕਰਵਾਉਣੀ ਲੋਕਾਂ ਦੇ ਹਿੱਤ ਵਿਚ ਹੁੰਦੀ ਹੈ। ਇਹ ਲੜਾਈ ਬੰਦ ਤਾਂ ਹੀ ਹੋ ਸਕਦੀ ਹੈ ਜਾਂ ਤਾਂ ਲੋਕ ਲਾਮਬੰਦ ਹੋ ਕੇ ਦੋਨਾਂ ਧਿਰਾਂ ਦੀ ਖੁੰਭ ਠੱਪ ਦੇਣ ਤੇ ਜਾਂ ਫੇਰ ਉਹਨਾਂ ਨੂੰ ਗੱਲਬਾਤ ਲਈ ਮਜਬੂਰ ਕਰਨ। ਉਸ ਗੱਲਬਾਤ ਵਿਚ ਆਪ ਵੀ ਹਿੱਸਾ ਲੈਣ। ਪਹਿਲੀ ਸੰਭਾਵਨਾ ਨਹੀਂ ਹੈ। ਇਸ ਕਰਕੇ ਦੂਜਾ ਰਾਹ ਦਸਿਆ ਗਿਆ ਹੈ। ਇਹ ਰਾਹ ਹੁਣ ਹੋਰ ਲੋਕਾਂ ਵਲੋਂ ਵੀ ਆ ਰਿਹਾ ਹੈ। ਇਹ ਸਾਧਾਰਨ ਲੋਕਾਂ ਦੇ ਹਿੱਤ ਵਿਚ ਹੋਵੇ, ਉਹਦੇ ਬਾਰੇ ਸੁਝਾਅ ਦੇਣਾ ਸਾਡਾ ਫਰਜ਼ ਹੈ। ਹਾਲਾਤ ਅਨੁਸਾਰ ਇਹ ਇਕੋ ਸਹੀ ਰਾਹ ਹੈ।

o ਸਵਾਲ ਇਹ ਕੀਤਾ ਜਾਂਦਾ ਹੈ ਕਿ ਅਸੀਂ ਕੀ ਕਰੀਏ? ਮੇਰਾ ਜਵਾਬ ਹੈ ਹਨੇਰੀ ਦਾ ਮੁਕਾਬਲਾ ਕਰੀਏ। ਆਪਣਾ ਪੱਖ ਵੱਧ ਤੋਂ ਵੱਧ ਲੋਕਾਂ ਤਕ ਲੈ ਕੇ ਜਾਈਏ। ਲੋਕਾਂ ਨੂੰ ਭਾਰਤੀ ਸਟੇਟ ਵਿਰੁਧ ਸੰਘਰਸ਼ ਲਈ ਲਾਮਬੰਦ ਕਰੀਏ ਤੇ ਦੂਜੇ ਪਾਸੇ ਖਾਲਿਸਤਾਨੀ ਲਹਿਰ ਦੀ ਅਸਲੀਅਤ ਨੂੰ ਸਮਝਾਈਏ। ਲੋਕਾਂ ਤਕ ਪੁਜਣ ਲਈ ਗਰੁੱਪਾਂ ਦੀ ਰਾਜਨੀਤੀ ਨੂੰ ਤਿਆਗੀਏ। ਸਾਂਝੇ ਪਲੇਟ- ਫਾਰਮਾਂ 'ਚ ਜੁੜੀਏ। ਜੇਕਰ ਪਹਿਲੇ ਯਤਨਾਂ ਨੂੰ ਪੂਰੀ ਸਫਲਤਾ ਨਹੀਂ ਮਿਲੀ। ਹੋਰ ਯਤਨ ਕਰੀਏ। ਇਕ ਦੂਜੇ ਵਿਰੁੱਧ ਫਤਵੇ ਨਾ ਦੇਈਏ, ਸਗੋਂ ਇਕ ਦੂਜੇ ਦੇ ਵਿਚਾਰਾਂ ਨੂੰ ਸਮਝਣ ਦਾ ਯਤਨ ਕਰੀਏ। ਸਾਡੇ ਕੋਲ ਬੜੀ ਹੀ ਸੱਚੀ ਸੁੱਚੀ ਸਿਆਸਤ ਹੈ। ਲੋਕ ਸਾਨੂੰ ਹੁੰਗਾਰਾ ਦੇਂਦੇ ਹਨ। ਢਿੱਲ ਸਾਡੇ ਵਲੋਂ ਹੈ। ਆਪਣੀ ਸਿਆਸਤ ਦੀ ਜਿੱਤ ਲਈ ਵਡੇ ਹੰਭਲੇ ਦੀ ਲੋੜ ਹੈ। ਇਸ ਸਿਆਸਤ ਵਿਚ ਆਰਥਕਤਾ ਦਾ ਹੀ ਕੁੰਜੀ ਅੰਸ਼ ਹੋਵੇਗਾ।

/ਗੁਰਸ਼ਰਨ ਸਿੰਘ

o

---

## 1. ਇਕ ਚਿਠੀ ਲੁਧਿਆਣੇ ਤੋਂ

ਸ੍ਰੀ ਮਾਨ ਜੀ, 'ਸਮਤਾ' ਦੇ ਮਈ ਅੰਕ ਵਿਚ ਦੋ ਚਿੱਠੀਆਂ ਛਪੀਆਂ ਹਨ, ਜੋ ਕਿ ਪੰਜਾਬ ਅੰਦਰ ਬਣ ਰਹੀ ਖਤਰਨਾਕ ਹਾਲਤ ਨੂੰ ਮਿਣਨ ਅਤੇ ਇਸ ਨਾਲ ਸਿੱਜਣ ਲਈ ਆਪੋ ਆਪਣੇ ਪੈਮਾਨੇ ਤੇ ਪੱਖ ਪੇਸ਼ ਕਰਦੀਆਂ ਹਨ, ਭਾਵੇਂ ਦੋਵੇਂ ਹੀ ਆਪਣੀ ਸਮਝ ਦਾ ਆਧਾਰ ਗੁਰਸ਼ਰਨ ਸਿੰਘ ਵਲੋਂ ਪੇਸ਼ ਕੀਤੇ ਇਕ ਚੰਗੇ ਸੁਝਾਅ ਨੂੰ ਹੀ ਬਣਾਉਂਦੇ ਹਨ।

ਮੈਂ ਵੀ ਇਸ ਚਿੱਠੀ ਰਾਹੀਂ, ਸਮਤਾ ਦੇ ਪਾਠਕਾਂ ਪਾਸ ਆਪਣੀ ਰਾਏ ਭੇਜ ਰਿਹਾ ਹਾਂ ਅਤੇ ਆਸ ਕਰਦਾ ਹਾਂ ਕਿ ਤੁਸੀਂ ਸਮਤਾ ਦੇ ਪੰਨਿਆਂ ਰਾਹੀਂ ਪਾਠਕਾਂ ਤੱਕ ਪਹੁੰਚਾ ਕੇ ਧੰਨਵਾਦੀ ਬਣਾਉਗੇ।

(1) ਗੁਰਸ਼ਰਨ ਸਿੰਘ ਵਲੋਂ ਇਨਕਲਾਬੀਆਂ ਦੀ ਏਕਤਾ ਲਈ ਕੋਸ਼ਿਸ਼ਾਂ ਕਰਨ ਲਈ ਉਹ ਪ੍ਰਸ਼ੰਸਾ ਦੇ ਹੱਕਦਾਰ ਹਨ; ਇਸ ਦੇ ਨਾਲ ਹੀ ਉਨ੍ਹਾਂ ਵਲੋਂ ਪੰਜਾਬ ਸਮੱਸਿਆ ਪ੍ਰਤੀ ਇਨਕਲਾਬੀਆਂ ਨੂੰ ਇਹ ਸੁਝਾਓ ਦਿੱਤਾ ਜਾਣਾ ਕਿ "ਖਾਲਿਸਤਾਨੀ ਦਹਿਸ਼ਤ ਗਰਦਾਂ ਖਿਲਾਫ ਵਿਰੋਧ ਅਤੇ ਸੰਘਰਸ਼ ਸਟੇਟ ਵਿਰੁੱਧ ਹੀ ਲਾਮਬੰਦ ਕਰਨਾ ਚਾਹੀਦਾ ਹੈ", ਇਕ ਸਾਜ਼ਗਾਰ ਸੁਝਾਓ ਹੈ, ਇਕ ਨੀਤੀ ਨਿਰਦੇਸ਼ਨ ਹੈ ਜਿਸ ਉੱਤੇ ਲਾਜ਼ਮੀ ਹੀ ਅਮਲ ਹੋਣਾ ਚਾਹੀਦਾ ਹੈ। ਪਰ ਇਸ ਨੀਤੀ ਰਾਹੀਂ ਪ੍ਰਾਪਤ ਕੀਤਾ ਜਾਣ ਵਾਲਾ ਉਦੇਸ਼ ਕੀ ਹੋਵੇਗਾ ਇਹ ਘਾਟ ਪੂਰੀ

ਰੜਕਦੀ ਹੈ। ਪੰਜਾਬ ਦੀ ਉਲਝੀ ਤਾਣੀ 'ਚੋਂ ਜਮਹੂਰੀ ਹੱਲ ਖਾਤਰ, ਕੋਈ ਜਮਹੂਰੀ ਬਦਲ ਨਿਸਚਤ ਕਰਨਾ ਅਤਿ ਆਵੱਸ਼ਅਕ ਹੈ, ਕਿਉਂਕਿ ਦੋ ਹੱਲ ਸਰਕਾਰੀ ਹੱਲ ਤੇ ਖਾਲਿਸਤਾਨੀ ਹੱਲ—ਪਹਿਲਾਂ ਹੀ ਪੰਜਾਬ ਨਾਲ ਛੁਰੀ-ਕੱਦੂ ਖੇਲ ਰਹੇ ਹਨ ਅਤੇ ਪੰਜਾਬ ਜ਼ਖਮਾਂ ਦੀ ਦਰਦਾਂ ਨਾਲ ਕੁਰਾਹ ਰਿਹਾ ਹੈ।

(2) ਸਮਤਾ ਦੇ ਮਈ ਅੰਕ ਵਿਚ ਛਪੀਆਂ ਦੋਵੇਂ ਚਿੱਠੀਆਂ ਗੁਰਸ਼ਰਨ ਸਿੰਘ ਵਲੋਂ ਦਸੇ ਨੀਤੀ ਨਿਰਦੇਸਨ ਨੂੰ ਵੱਟੇ ਖਾਤੇ ਕਰ ਰਹੀਆਂ ਹਨ।

ਕਰਮਜੀਤ ਸਿੰਘ ਬਠਿੰਡਾ, ਆਪਣੀ ਚਿੱਠੀ ਵਿਚ, ਆਪਣੀ 'ਕਮਜ਼ੋਰ ਤਾਕਤ' "ਤੇ ਲੋਕ ਚੇਤਨ ਨਹੀਂ" ਨੂੰ ਕਬੂਲ ਕਰਦਾ ਹੋਇਆ "ਪੈਂਤੜੇ" "ਹੇਠ ਧੜੱਲੇ ਤੇ ਵਿਸ਼ਵਾਸ਼" ਦੀਆਂ ਜਜ਼ਬਾਤੀ ਵਿਸਾਖੀਆਂ ਲਾ ਕੇ ਕਦਮ ਪੁੱਟਣ 'ਤੇ ਜ਼ੋਰ ਦਿੰਦਾ ਹੈ। ਚਿੱਠੀ ਲਿਖਣ ਦਾ ਉਦੇਸ਼ ਤਾਂ ਸਿਰਫ ਜੋਸ਼ੀ ਦੀ ਚਿੱਠੀ 'ਤੇ ਬਹਿਸ ਕਰਨ ਉੱਤੇ ਸ਼ਿਸਤ ਬੰਨਾਉਣਾ ਹੈ।

ਸਾਈਮਾਨ ਇਹ ਤਾਂ ਠੀਕ ਲਿਖਦਾ ਹੈ ਕਿ ਮੁੱਖ ਦੁਸ਼ਮਣ ਛਾਂਟਣਾ ਚਾਹੀਦਾ ਹੈ ਅਤੇ ਉਸਨੂੰ ਅਲੱਗ ਥਲੱਗ ਕਰਨ ਲਈ, ਉਸ ਵਿਰੁਧ ਸ਼ਕਤੀਆਂ ਨੂੰ ਸਾਂਝੇ ਮੋਰਚੇ ਵਿਚ ਪ੍ਰੋਣਾ ਚਾਹੀਦਾ ਹੈ। ਪਰ ਨਹੀਂ ਦਸਦਾ ਕਿ ਅੱਜ ਪੰਜਾਬ ਅੰਦਰ ਕਿਨਾਂ ਮੁੱਦਿਆਂ ਉਤੇ ਮੁੱਖ ਦੁਸ਼ਮਣ ਨੂੰ ਨਖੇੜਿਆਂ ਜਾਵੇ ਤੇ ਦੂਸਰਿਆਂ ਨਾਲ 'ਸਾਂਝਾ ਮੋਰਚਾ ਬਣਾਇਆ ਜਾਵੇ' ਇਹ ਮੋਰਚਾ ਕਿਸ ਉਦੇਸ਼ ਲਈ ਸੰਘਰਸ਼ ਕਰੇ ਆਦਿ, ਪੱਖ ਇਸ 'ਚੋਂ ਗਾਇਬ ਹਨ।

(3) ਜੋ ਕੁਝ ਪੰਜਾਬ ਅੰਦਰ ਹੋ ਰਿਹਾ ਹੈ ਤੇ ਦਿਨੋ ਦਿਨ ਪੰਜਾਬੀ ਲੋਕਾਂ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਇਸ ਸਭ ਕਾਸੇ ਦੇ ਕਾਰਨ ਕੀ ਹਨ ? ਇਹ ਸਭ ਕੁਝ, ਤਾਂ ਉਨ੍ਹਾਂ ਦੇ ਕਾਰਨਾਂ ਦੇ ਲੱਛਣ (ਇਫੈਕਟ) ਹਨ। ਜਿੰਨੀ ਦੇਰ ਇਸਦੇ ਕਾਰਨਾਂ ਨੂੰ ਦੂਰ ਨਹੀਂ ਕੀਤਾ ਜ ਦਾ ਓਨੀ ਦੇਰ ਲੱਛਣਾ ਨੇ ਤਾਂ ਬਰ-ਕਰਾਰ ਰਹਿਣਾ ਹੀ ਰਹਿਣਾ ਹੈ। ਜੇਕਰ ਸਮਾਂ ਰਹਿੰਦੇ ਕਾਰਨਾਂ ਦਾ ਇਲਾਜ ਨਹੀਂ ਹੁੰਦਾ, ਤਾਂ ਅਜਿਹੀਆਂ ਹਾਲਤਾਂ ਦਾ ਸਾਹਮਣਾ ਕਰਨਾ ਜੋਖਮ ਭਰਪੂਰ ਹੋ ਜਾਂਦਾ ਹੈ ਜਦੋਂ ਕਿ ਲੱਛਣ ਹੀ ਕਾਰਨਾ ਦਾ ਰੂਪ ਬਣ ਜਾਂਦੇ ਹਨ। ਮਿਸਾਲ ਲਈ, ਸਮਾਂ ਰਹਿੰਦੇ ਤਪਦਿੱਕ ਦੇ ਕਾਰਨਾਂ ਨੂੰ ਦੂਰ ਕਰਨ ਨਾਲ, ਬਿਮਾਰੀ ਹਟ ਜਾਂਦੀ ਹੈ ਪਰ ਜਦ ਇਹ ਆਪਣੀ ਸਟੇਜ ਲੰਘ ਜਾਵੇ ਤਾਂ ਇਹ ਰੋਗੀ ਦੀ ਜਾਨ ਲੈਣ ਦਾ ਕਾਰਨ ਵੀ ਬਣ ਜਾਂਦੀ ਹੈ। ਪੰਜਾਬ ਦੀ ਅੱਜ ਦੀ ਹਾਲਤ ਨੂੰ ਵੀ ਇਸੇ ਹੀ ਰੋਸ਼ਨੀ 'ਚ ਦੇਖਣਾ ਚਾਹੀਦਾ ਹੈ।

(4) ਪੰਜਾਬ ਦੀ ਸਮੱਸਿਆ ਦੇ ਦੋ ਕਾਰਨ ਹਨ : ਇਕ ਬਹੁ-ਚਿਰੀ ਕਾਰਨ, ਦੂਸਰਾ ਫੌਰੀ ਕਾਰਨ।

ਬਹੁ-ਚਿਰੀ ਕਾਰਨ : ਭਾਰਤੀ ਰਾਜ ਦੀ ਧਰਮ ਨਿਰਪੱਖਤਾ ਦੀ ਵੰਨਗੀ ਜਿਹੜੀ ਧਰਮ ਤੇ ਰਾਜਨੀਤੀ ਨੂੰ ਅੱਡ ਅੱਡ ਨਹੀਂ ਕਰਦੀ, ਇਹ ਸਭ ਧਰਮਾਂ ਦੇ ਕੱਟੜਵਾਦ ਨਾਲ ਆਮ ਕਰਕੇ ਸਮਝੌਤੇਬਾਜ਼ੀ ਕਰਨ ਤੇ ਬਹੁ-ਗਿਣਤੀ ਤਬਕੇ ਦੇ ਧਾਰਮਿਕ ਕੱਟੜਵਾਦ ਨਾਲ ਖਾਸ ਤੌਰ ਤੇ ਖੁਸ਼ ਕਰਨ ਵਾਲੀ ਲਾਈਨ ਅਖਤਿਆਰ ਕਰਦੀ ਹੈ। ਇਸ ਦਾ ਸਬੂਤ ਇਹ ਹੈ : ਭਾਰਤੀ ਸੰਵਿਧਾਨ ਵਿਚ ਬਹੁ-ਗਿਣਤੀ ਫਿਰਕੇ ਦੇ ਮੂਲਵਾਦ ਨੂੰ ਖੁਸ਼ ਕਰਨ ਲਈ ਕੁਝ ਅਜਿਹੀਆਂ ਧਾਰਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਜਿਵੇਂ, ਸੰਸਕ੍ਰਿਤ ਨੂੰ ਇਕ ਕੌਮੀ ਭਾਸ਼ਾ ਵਜੋਂ ਮਾਨਤਾ ਦੇਣੀ ਜਦੋਂ ਕਿ ਇਹ ਦੇਸ਼ ਦੇ ਕਿਸੇ ਵੀ ਹਿਸੇ ਵਿਚ ਨਹੀਂ ਬੋਲੀ ਜਾਂਦੀ। ਬੁੱਧ, ਜੈਨ ਤੇ ਸਿੱਖ ਮਤਾਂ ਨੂੰ ਹਿੰਦੂ ਧਰਮ ਦੀਆਂ ਟਾਹਣੀਆਂ ਮੰਨਣਾ (ਧਾਰਾ 25 ਬੀ.), ਕੌਮੀ ਚਿੰਨ੍ਹ (Emblem) ਦੇ ਹੇਠਾਂ ਉਪਨਿਸ਼ਦ ਦਾ ਸਲੋਕ-ਸੱਤਯਮੇਵ ਜੈਯਤੇ-ਦਰਜ ਕਰਨਾ ਆਦਿ-ਆਦਿ।

ਸਪਸ਼ਟ ਹੈ ਕਿ ਧਰਮ ਨਿਰਪੱਖਤਾ ਦੀ ਅਜਿਹੀ ਵੰਨਗੀ 'ਚੋਂ ਘੱਟ ਗਿਣਤੀਆਂ ਪ੍ਰਤੀ ਵਿਤਕਰੇ ਦੀ ਲਾਈਨ ਜਨਮ ਲੈਂਦੀ ਹੈ। ਇਸ ਦਾ ਸਬੂਤ ਇਹ ਹੈ : 1947 ਤੋਂ ਪਿਛੋਂ ਹਰ ਹਕੂਮਤੀ ਕਾਲ ਦੌਰਾਨ, ਸਰਕਾਰੀ ਸਮਾਰੋਹਾਂ ਦਾ ਆਰੰਭ ਪੂਜਾ ਤੇ ਆਰਤੀ ਨਾਲ ਕੀਤਾ ਜਾਂਦਾ ਰਿਹਾ ਹੈ। ਸਰਕਾਰੀ ਤੌਰ ਤੇ ਛਾਪੀਆਂ ਇਤਿਹਾਸਕ ਕਿਤਾਬਾਂ ਵਿਚ ਵੈਦਕ ਜਾਂ ਆਰੀਆ ਸਭਿਆਚਾਰ ਨੂੰ ਭਾਰਤ ਦਾ ਬੁਨਿਆਦੀ ਕੌਮੀ ਸਭਿਆ-ਚਾਰ ਦਸਿਆ ਗਿਆ ਹੈ ਜਦੋਂ ਕਿ ਮੁਸਲਮ ਸਭਿਆਚਾਰ ਨੂੰ ਵਿਦੇਸ਼ੀ ਹਮਲਾਵਰ ਸਭਿਆਚਾਰ ਵਜੋਂ ਦੱਸਿਆ ਗਿਆ ਹੈ—ਹਿੰਦੂ ਮੁਸਲਿਮ ਦੰਗਿਆਂ ਦੇ ਨਾਲ ਨਾਲ ਹਿੰਦੂ ਸਿੱਖ ਦੰਗੇ ਵੀ ਸ਼ਾਮਲ ਹੋ ਗਏ ਹਨ। ਅੱਜ ਸਿੱਖ ਫਿਰਕੇ ਸਮੇਤ ਸਾਰੇ ਘੱਟ ਗਿਣਤੀ ਫਿਰਕੇ, ਆਪਣੇ ਨਾਲ ਹੋ ਰਹੇ ਵਿਤਕਰੇ ਦੀ ਸ਼ਿਕਾਇਤ ਕਰ ਰਹੇ ਹਨ।

ਪੰਜਾਬ ਸੰਕਟ ਦਾ ਫੌਰੀ ਕਾਰਨ : ਕਾਂਗਰਸ ਪਾਰਟੀ ਵਲੋਂ ਸਿੱਖ ਫਿਰਕੇ ਜਾਂ ਅਕਾਲੀ ਦਲ ਦਾ ਹਊਆ ਖੜਾ ਕਰਕੇ, ਇਸਨੂੰ ਭਾਰਤ ਦੀ ਏਕਤਾ ਤੇ ਅਖੰਡਤਾ ਲਈ ਖਤਰਾ ਦੱਸ ਕੇ ਹਿੰਦੂ ਫਿਰਕੇ ਦੀਆਂ ਵੋਟਾਂ ਹਾਸਲ ਕਰਨ ਦੀ ਨੀਤੀ ਵਿਚ ਮੌਜੂਦ ਹੈ, ਇਸ ਦਾ ਸਬੂਤ 1947 ਤੋਂ ਬਾਅਦ ਪੰਜਾਬ ਅੰਦਰ ਪੈਦਾ ਹੋਣ ਵਾਲੇ ਸੁਆਲਾਂ—ਪੰਜਾਬੀ ਭਾਸ਼ਾ, ਪੰਜਾਬੀ ਸੂਬੇ ਦਾ ਗਠਨ, ਚੰਡੀਗੜ੍ਹ, ਦਰਿਆਈ ਪਾਣੀਆਂ ਤੇ ਪੰਜਾਬ

ਦੇ ਸਨਅੱਤੀ ਕਰਨ ਆਦਿ ਪ੍ਰਤੀ ਕਾਂਗਰਸ ਪਾਰਟੀ ਦੇ ਰਵਈਏ ਤੋਂ ਚੰਗੀ ਤਰ੍ਹਾਂ ਵੇਖਿਆ ਜਾ ਸਕਦਾ ਹੈ।

(5) ਸਪਸ਼ਟ ਹੈ ਕਿ ਖਾਲਿਸਤਾਨ ਦਾ ਨਾਹਰਾ ਤੇ ਖਾਲਿਸਤਾਨੀ ਅਤੰਕਵਾਦ ਭਾਰਤੀ ਸਟੇਟ ਤੇ ਹਾਕਮ ਕਾਂਗਰਸ ਪਾਰਟੀ ਵਲੋਂ ਪੰਜਾਬ ਵਿਚ ਰਹਿ ਰਹੇ ਸਿੱਖ ਫਿਰਕੇ ਨਾਲ ਕੀਤੇ ਜਾਂਦੇ ਵਿਤਕਰੇ ਦੀ ਹੀ ਪੈਦਾਵਾਰ ਹੈ। ਪਰ ਇਸ ਦੇ ਬਾਵਜੂਦ ਵੀ, ਖਾਲਿਸਤਾਨੀ ਨਾਹਰਾ ਪੰਜਾਬ, ਭਾਰਤ ਤੇ ਸੰਸਾਰ ਦੇ ਲੋਕਾਂ ਦੇ ਹਿਤਾਂ ਦੇ ਉਲਟ ਹੈ। ਕਿਉਂਕਿ ਇਕ ਤਾਂ ਇਹ ਫਿਰਕੂ ਨਾਹਰਾ ਹੈ ਤੇ ਦੂਸਰੇ ਇਹ ਭਾਰਤ ਤੋਂ ਵੱਖਰਾ ਇਕ ਨਵਾਂ ਰਾਜ ਕਾਇਮ ਕਰਨੇ ਦੀ ਮੰਗ ਕਰਕੇ ਇਸ ਕੌਮਾਂਤਰੀ ਪ੍ਰਕਿਰਿਆ ਦੀ ਸੇਧ ਦੇ ਉਲਟ ਜਿਸ ਵਿੱਚ ਵਿੱਚ 2 ਦੇਸਾਂ ਦੀ ਵਧਦੀ ਹੋਈ ਅੰਤਰ ਨਿਰਭਰਤਾ ਇਨ੍ਹਾਂ ਨੂੰ ਵੱਡੀਆਂ ਇਕਾਈਆਂ ਬਣਨ ਲਿਜਾ ਰਹੀ ਹੈ।

(6) ਸਾਥੀਓ ! ਉਪਰੋਕਤ ਤੋਂ ਸਪਸ਼ਟ ਹੋ ਜਾਂਦਾ ਕਿ ਪੰਜਾਬ ਸਮੱਸਿਆ ਦੇ ਜਮਹੂਰੀ ਹੱਲ ਨਾਲ ਸੰਬੰਧਤ ਮੁੱਦੇ ਵੀ ਉਪਰੋਕਤ 'ਚੋਂ ਹੀ ਛਾਂਟੇ ਜਾਣੇ ਚਾਹੀਦੇ ਹਨ ਜਿਨ੍ਹਾਂ ਦੁਆਲੇ ਜਮਹੂਰੀ ਸ਼ਕਤੀਆਂ ਸਾਂਝਾ ਪਾ ਸਕਣ। ਇਸ ਲਈ ਗੁਰਸ਼ਰਨ ਸਿੰਘ ਵੱਲੋਂ ਦਿੱਤਾ ਸੁਝਾਓ ਨਿਕਲਣ ਵਾਲੇ ਮੁਦਿਆਂ ਵੱਲ ਠੀਕ ਉਂਗਲੀ ਕਰਦਾ ਹੈ ਤੇ ਹਲਾਤਾਂ ਵੀ ਏਹੋ ਮੰਗ ਕਰਦੀਆਂ ਹਨ।

ਇੱਕ ਅਫਸੋਸ, ਦੁਖਾਂਤ ਇਹ ਹੈ ਕਿ ਸਾਡੇ ਕਈ ਕਾਮਰੇਡਾਂ (ਗਰੁਪਾਂ) ਨੇ ਆਪਣੇ ਸਾਂਚੇ (ਚੌਖਟੇ) ਇਤਨੇ ਕਾਠੇ ਬਣਾ ਰੱਖੇ ਹਨ ਕਿ ਜੇਕਰ ਕੋਈ ਨਵੀਂ ਸਮੱਸਿਆ (ਜੋ ਕਾਮਰੇਡਾਂ ਦੇ ਆਪਣੇ ਰਾਜ ਸਮੇਂ ਵੀ ਵਿਚਾਰਨਯੋਗ ਹੁੰਦੇ ਹਨ।) ਜਿਵੇਂ ਪੰਜਾਬ ਅੰਦਰ ਪੰਜਾਬੀ ਭਾਸ਼ਾ, ਇਲਾਕਾ ਤੇ ਸਿੱਖਾਂ ਨਾਲ ਵਿਤਕਰਾ ਆਦਿ ਉਠ ਰਹੀ, ਜੋ ਇਨ੍ਹਾ ਸਾਂਚਿਆਂ ਵਿੱਚ ਫਿੱਟ ਨਹੀਂ ਆਉਂਦੀ, ਜੇ ਕਰ ਕੋਈ ਇਨ੍ਹਾਂ ਚੌਖਟਿਆਂ ਨੂੰ ਜਰਾ ਮੋਕਲੇ ਕਰਨ ਲਈ ਸੁਝਾ ਰੱਖ ਦੇਵੇ, ਤਾਂ ਤਿੱਖੀਆਂ ਚੁੰਝਾ ਉਸਦੇ ਮੌਰ ਠੂੰਗ ਸੁਟਦੀਆਂ ਹਨ। ਉਹ ਵਿਚਾਰਾ ਜਾਂ ਤਾਂ ਛੂਈ-ਮੂਈ ਬਣ ਜਾਂਦਾ ਹੈ ਤਾ ਫਿਰ ਆਪਣਾ ਨਵਾਂ ਸਾਂਚਾ ਬਣਾ ਲੈਂਦਾ ਹੈ। ਸ੍ਰੀ ਗੁਰਸ਼ਰਨ ਸਿੰਘ ਜੀ ਨੇ ਮਈ ਅੰਕ ਵਿੱਚ ਇੱਕ ਹੋਰ ਸੁਝਾਓ ਦਿੱਤਾ ਹੈ ਕਿ 'ਕਮਿਊਨਿਸਟ ਇਨਕਲਾਬੀਆਂ ਲਈ ਸੋਚਣਾ ਬਣਦਾ ਹੈ', ਪਤਾ ਨਹੀਂ ਭਾਅ ਜੀ ਦਾ ਕੰਨ੍ਹੋਂ ਠੂੰਗਣ ਲਈ ਕਿੰਨੀਆਂ ਹੀ ਚੁੰਝਾਂ ਤਿਆਰ ਬੈਠੀਆਂ ਹੋਣਗੀਆਂ।

**ਕਾਮਰੇਡੋ ਅਜੇ ਤਾਂ ਸਮਝ ਸੁਧਾਰੋ,**
**ਕੰਧਾਂ ਤੇ ਝਾਤੀ ਮਾਰੋ**

(7) ਪੰਜਾਬ ਅੰਦਰ ਸੰਕਟ ਦਿਨੋਂ ਦਿਨ ਗਹਿਰਾ ਹੁੰਦਾ ਜਾ ਰਿਹਾ ਹੈ, ਜਿਸਦਾ ਸਭ ਤੋਂ ਵੱਧ ਖਤਰਨਾਕ ਪਹਿਲੂ, ਹਿੰਦੂ ਤੇ ਸਿੱਖ ਫਿਰਕਿਆਂ ਵਿਚਕਾਰ ਪੈ ਰਹੀ ਦਰਾੜ ਦਾ ਵਧਣਾ ਹੈ, ਭਾਵੇਂ ਇਹ ਸਬੰਧ ਅਜੇ ਤਣਾਓ ਦੀ ਹੱਦ ਤੱਕ ਨਹੀਂ ਪਹੁੰਚੇ, ਪਰ ਦੋਵਾਂ ਫਿਰਕਿਆਂ ਦਰਮਿਆਨ ਯਕੀਨ ਤੇ ਭਰੋਸੇ ਵਿੱਚ ਲਗਾਤਾਰ ਕਮੀ ਆ ਰਹੀ ਹੈ।

ਪਿਛਲੇ ਤਿੰਨ ਸਾਲਾਂ ਤੋਂ, ਕਾਂਗਰਸੀ ਸਰਕਾਰ, ਖਾਲਸਤਾਨੀ ਦਹਿਸ਼ਤਵਾਦ ਨੂੰ ਸਰਕਾਰੀ ਦਹਿਸ਼ਤਵਾਦ ਨਾਲ ਖਤਮ ਕਰਨ ਦੀਆਂ ਕੋਸ਼ਿਸ਼ਾਂ ਕਰਦੀ ਚਲੀ ਆ ਰਹੀ ਹੈ, ਇਸਦੇ ਬਾਰ 2 ਕੀਤੇ ਖਾਤਮੇ ਦੇ ਐਲਾਨਾਂ ਦੇ ਬਾਵਜੂਦ ਦਹਿਸ਼ਤਵਾਦ ਮਜ਼ਬੂਤ ਹੋਇਆ ਹੈ। ਜਦੋਂ ਦਹਿਸ਼ਤਵਾਦ ਜ਼ੋਰ ਫੜ ਲੈਂਦਾ ਹੈ ਤਾਂ ਹਕੂਮਤ ਕਹਿਣ ਲੱਗ ਜਾਂਦੀ ਹੈ ਕਿ ਪੰਜਾਬ ਮਸਲਾ ਰਾਜਨੀਤਕ ਮਸਲਾ ਹੈ, ਅਤੇ ਅਜਿਹੇ ਸੰਕੇਤ ਦੇਣੇ ਸ਼ੁਰੂ ਕਰ ਦਿੰਦੀ ਹੈ ਕਿ ਜਿਨ੍ਹਾਂ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਇਸਦੇ ਵਿਚੋਲੇ ਸਬੰਧਤ ਧਿਰਾਂ ਨਾਲ ਗੱਲਬਾਤ ਕਰ ਰਹੇ ਹਨ।

ਦੂਸਰੀਆਂ ਕੌਮੀ ਪਾਰਟੀਆਂ—ਸੀ. ਪੀ. ਆਈ, ਸੀ. ਪੀ. ਐਮ, ਲੋਕ ਦਲ, ਭਾਜਪਾ, ਜਨਤਾ ਪਾਰਟੀ, ਆਦਿ) ਨੇ ਸ਼ੁਰੂ ਤੋਂ ਹੀ ਇਹ ਸਟੈਂਡ ਲਿਆ ਹੈ ਕਿ, ਸਰਕਾਰ, ਖਾਲਿਸਤਾਨੀਆਂ ਨੂੰ ਸਖਤੀ ਨਾਲ ਕੁਚਲੇ, ਭਾਵੇਂ ਬਾਅਦ ਵਿੱਚ ਜਨਤਾ ਪਾਰਟੀ, ਖਾਲਿਸਤਾਨੀਆਂ ਸਮੇਤ ਸਭ ਨਾਲ ਗੱਲਬਾਤ ਦੀ ਮੰਗ ਵੀ ਕਰਨ ਲੱਗ ਪਈ। ਪਰ ਅੱਜ ਜਦੋਂ ਦਹਿਸ਼ਤਵਾਦ ਹੋਰ ਜ਼ੋਰ ਪਕੜ ਗਿਆ ਹੈ ਤਾਂ ਇਹ ਪਾਰਟੀਆਂ ਵੀ ਨਵਾਂ ਸਟੈਂਡ ਲੈ ਰਹੀਆਂ ਹਨ ਕਿ ਸਰਕਾਰ ਸਾਰੀਆਂ ਸਿਆਸੀ ਪਾਰਟੀਆਂ (ਜਿਨ੍ਹਾਂ ਵਿੱਚ ਅਕਾਲੀ ਗਰੁੱਪ ਵੀ ਸ਼ਾਮਲ ਹੋਣ) ਦੀ ਇੱਕ ਮੀਟਿੰਗ ਬੁਲਾਵੇ ਜਿਸ ਵਿੱਚ ਪੰਜਾਬ ਸੰਕਟ ਨੂੰ ਹੱਲ ਕਰਨ ਵਿੱਚ ਇੱਕ ਆਮ ਸਹਿਮਤੀ ਹੋਵੇ, ਪਰ ਖਾਲਿਸਤਾਨੀਆਂ ਨੂੰ ਅਜੇ ਵੀ ਗੱਲਬਾਤ ਤੋਂ ਪਰੇ ਹੀ ਰੱਖਣਾ ਚਾਹੁੰਦੀਆਂ ਹਨ।

(8) ਇਧਰ ਸਾਡੇ ਕਰਾਂਤੀਕਾਰੀ ਸਾਥੀ ਆਪਣੀਆਂ 2 ਲਾਈਨਾਂ ਲੈ ਕੇ ਹੀ ਚਲ ਰਹੇ ਹਨ ਜਾਂ ਅਜੇ ਨਿਰਖ-ਬਹਿਸ ਹੀ ਕਰ ਰਹੇ ਹਨ ਕੋਈ ਸਾਂਝਾ ਮੋਰਚਾ ਬਣਾਉਣ ਤੇ ਮੁੱਖ ਦੁਸ਼ਮਣ ਛਾਂਟਨ ਰਾਹੀਂ ਚਲਣ ਦੀ ਗੱਲ ਕਰਦਾ ਹੈ...ਨਹੀਂ ਨਹੀਂ ਹਾਕਮ ਜਮਾਤਾਂ ਇਸਦੀਆਂ ਸਾਰੀਆਂ ਪਾਰਟੀਆਂ ਨੂੰ ਨੇਸਤਨਾਬੂਦ ਕੀਤਾ ਜਾਵੇ ਤੇ ਸੰਪੂਰਨ ਕਰਾਂਤੀ ਤੋਂ ਬਾਅਦ ਹੀ ਸਾਰੀਆਂ ਸਮੱਸਿਆ ਹੱਲ ਕਰਨ ਦੀ ਗੱਲ ਤੇ ਕਈ ਖਾਲਿਸਤਾਨੀ ਲਹਿਰ ਨੂੰ ਪੰਜਾਬੀ ਕੌਮ ਦੀ ਮੁਕਤੀ ਦੀ ਪਿਉਂਦ ਚਾੜ੍ਹਨ ਦੀ ਕੋਸ਼ਿਸ਼ ਵਿਚ ਹਨ ਜਾਂ ਫਿਰ ਇਨ੍ਹਾਂ

ਵਿਰੁਧ ਰੈਡ ਆਰਮੀ ਖੜੀ ਕਰਨ ਦੇ ਦਮਗਜੇ ਮਾਰ ਰਹੇ ਹਨ ਆਦਿ ਆਦਿ। ਸਮਾਂ ਕਾਫੀ ਲੰਘ ਗਿਆ ਹੈ। ਕਾਫਲੇ ਨਿਰਣਾ ਲੈਣ 'ਚ ਦੇਰੀ ਕਰ ਰਹੇ ਹਨ। ਵਾਟ ਉਡੀਕ 'ਚ ਹੈ। ਹਾਲਤਾਂ ਬਦ ਤੋਂ ਬਦਤਰ ਹੁੰਦੀਆਂ ਜਾ ਰਹੀਆਂ ਹਨ। ਜਮਹੂਰੀ ਸਾਂਝ ਲਈ ਹੇਠ ਲਿਖੇ ਸੁਝਾਓ ਨੂੰ ਅਧਾਰ ਬਣਾਉਣ ਲਈ ਸੋਚਣਾ ਚਾਹੀਦਾ ਹੈ।

(9) ਪੰਜਾਬ ਦੇ ਸੰਕਟ ਨੂੰ ਹੱਲ ਕਰਨ ਲਈ ਇਕ ਦੋ ਪੱਖਾਂ ਸੁਝਾਓ—ਜਿਸਦਾ ਇਕ ਹਿਸਾ ਹੈ ਕਿ ਕੇਂਦਰੀ ਸਰਕਾਰ ਸਾਰੀਆਂ ਸਿੱਖ ਜਥੇਬੰਦੀਆਂ (ਖਾਲਿਸ-ਤਾਨੀ ਕੌਂਸਲ ਸਮੇਤ) ਨੂੰ ਗੱਲਬਾਤ ਲਈ ਸੱਦਾ ਦੇਣ ਵਿਚ ਪਹਿਲ ਕਰੇ ਦੂਸਰਾ ਇਹ ਹੈ ਕਿ ਇਸ ਗੱਲਬਾਤ ਦੌਰਾਨ ਕੇਂਦਰੀ ਸਰਕਾਰ, ਪੰਜਾਬ ਸੰਕਟ ਨੂੰ ਹੱਲ ਕਰਨ ਲਈ ਇਸ 'ਪ੍ਰਦੇਸ਼ ਨੂੰ ਭਾਰਤੀ ਯੂਨੀਅਨ' ਦੇ ਅੰਦਰ ਇਲਾਕਾਈ ਖੁਦਮੁਖਤਿਆਰੀ (ਜੰਮੂ ਕਸ਼ਮੀਰ ਦੀ ਤਰ੍ਹਾਂ) ਦੇਣ ਦਾ ਸੁਝਾਓ ਪੇਸ਼ ਕਰੇ। ਇਹ ਤਜਵੀਜ਼ ਸਿਰਫ ਹਿੰਦੂ ਤੇ ਸਿਖੇ ਫਿਰਕਿਆਂ ਨੂੰ ਹੀ ਨਜ਼ਦੀਕ ਨਹੀਂ ਲਿਆਵੇਗੀ ਸਗੋਂ ਸਾਰੀਆਂ ਘੱਟ ਗਿਣਤੀਆਂ ਵਿੱਚ ਭਾਰਤੀ ਧਰਮ ਨਿਰਪੱਖਤਾ ਦੇ ਸਬੰਧ ਵਿੱਚ ਇਕ ਨਵਾਂ ਵਿਸ਼ਵਾਸ਼ ਪੈਦਾ ਕਰੇਗੀ ਅਤੇ ਪੰਜਾਬ ਸਮੇਤ ਪੂਰੇ ਭਾਰਤੀ ਲੋਕਾਂ ਦੇ ਹਿਤਾਂ ਦੀ ਸੇਵਾ ਕਰੇਗੀ। ਇਸ ਦੇ ਤਰਫਾ ਹੱਲ ਵਾਸਤੇ ਸੁਖਾਵਾਂ ਮਹੌਲ ਪੈਦਾ ਕਰਨ ਦੇ ਸਿਲਸਿਲੇ ਵਿੱਚ ਸਰਕਾਰ ਫੌਰੀ ਤੌਰ ਤੇ ਹੇਠ ਲਿਖੇ ਕਦਮ ਚੁੱਕੇ :

ੳ) ਆਪਸੀ ਸਹਿਮਤੀ ਰਾਹੀਂ ਇੱਕੋ ਸਮੇਂ ਜੰਗਬੰਦੀ ਕਰਨ ਦਾ ਐਲਾਨ ਕਰੇ।

ਅ) ਅਖੌਤੀ ਪੁਲਸ ਮੁਕਾਬਲਿਆਂ ਦੌਰਾਨ ਹੋਏ ਕਤਲਾਂ ਦੀ ਜਾਂਚ ਕਰਵਾਈ ਜਾਵੇ।

ੲ) ਜੋਧਪੁਰ ਦੇ ਨਜ਼ਰਬੰਦਾਂ ਸਮੇਤ ਪੰਜਾਬ ਮਸਲੇ ਨਾਲ ਸਬੰਧਤ ਸਭ ਪ੍ਰਕਾਰ ਦੇ ਰਾਜਨੀਤਕ ਕੈਦੀਆਂ ਨੂੰ ਐਾਮ ਮੁਆਫੀ ਦਿੱਤੀ ਜਾਵੇ।

ਸ) ਅਕਾਲੀ ਮੋਰਚੇ ਨਾਲ ਸਬੰਧਤ ਸਾਰੇ ਫੌਜੀ ਜਵਾਨਾ ਭਾਵੇਂ ਉਹ ਡਿਸਚਾਰਜ ਕੀਤੇ ਜਾ ਚੁੱਕੇ ਹਨ ਜਾਂ ਸਜ਼ਾ ਭੁਗਤ ਰਹੇ ਹਨ ਨੂੰ ਮੁੜ ਬਹਾਲ ਕੀਤਾ ਜਾਵੇ।

ਹ) ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਕਸੂਰਵਾਰ ਪਾਏ ਗਏ ਸਾਰੇ ਵਿਅਕਤੀਆਂ ਨੂੰ ਸਜ਼ਾ ਦਿੱਤੀ ਜਾਵੇ।

ਕ) ਚੰਡੀਗੜ ਨੂੰ ਪੰਜਾਬ 'ਚ ਸ਼ਾਮਲ ਕੀਤਾ ਜਾਵੇ ਅਤੇ ਹਰਿਆਣੇ ਨੂੰ ਇੱਕ ਨਵੀਂ ਰਾਜਧਾਨੀ ਦੀ ਉਸਾਰੀ ਲਈ ਕੇਂਦਰ ਵੱਲੋਂ ਮੁਆਵਜ਼ਾ ਦਿੱਤਾ ਜਾਵੇ।

ਖ) ਦਰਿਆਈ ਪਾਣੀਆਂ ਦਾ ਝਗੜਾ ਸੁਪਰੀਮ ਕੋਰਟ ਦੇ ਹਵਾਲੇ ਕੀਤਾ ਜਾਵੇ ਤਾਂ ਜੋ ਸੰਵਿਧਾਨ ਕਾਨੂੰਨ ਤੇ ਰੀਤੀ ਰਿਵਾਜ ਦੇ ਆਧਾਰ 'ਤੇ ਫੈਸਲਾ ਕੀਤਾ ਜਾਵੇ।

ਗ) ਪੰਜਾਬ-ਹਰਿਆਣਾ, ਪੰਜਾਬ-ਰਾਜਸਥਾਨ ਤੇ ਪੰਜਾਬ-ਹਿਮਾਚਲ ਦੀਆਂ ਸਰਹੱਦਾਂ ਦੇ ਇਲਾਕਾਈ ਝਗੜਿਆਂ ਨੂੰ ਭਾਸ਼ਾ, ਨੇੜਤਾ ਤੇ ਪਿੰਡ ਨੂੰ ਇਕਾਈ ਮੰਨਣ ਦੇ ਅਸੂਲ ਦੇ ਆਧਾਰ ਉੱਤੇ ਹੱਲ ਕਰਨ ਲਈ ਮਾਹਰਾ ਦਾ ਕਮਿਸ਼ਨ ਕਾਇਮ ਕੀਤਾ ਜਾਵੇ।

ਆਖਰ ਵਿੱਚ ਮੈਂ ਆਪ ਨੂੰ ਬੇਨਤੀ ਕਰਦਾ ਹਾਂ ਕਿ ਜੋ ਕੁੱਝ ਉਪਰ ਲਿਖਿਆ ਉਹ ਤੱਥਾਂ ਦੇ ਆਧਾਰਤ ਹੈ। ਕਿਸੇ ਦੇ ਵਿਰੁਧ ਕੁੱਝ ਵੀ ਜਾਣ ਬੁੱਝ ਕੇ ਨਹੀਂ ਲਿਖਿਆ। ਫਿਰ ਕੋਈ ਗੱਲ ਕਿਸੇ ਨੂੰ ਵੀ ਪਿੰਚ ਕਰ ਜਾਵੇ ਤਾਂ ਮੁਆਫੀ ਚਾਹੁੰਦਾ ਹਾਂ,

-ਦਰਸ਼ਨ ਪਾਲ/ਲੁਧਿਆਣਾ

o

## 2. ਜਸਪਾਲ ਜੱਸੀ ਦੀ ਲਿਖਤ ਬਾਰੇ

**ਹਰਜੀਤ ਸਿੰਘ**

ਸਮਤਾ ਦੇ ਫਰਵਰੀ ਅਤੇ ਮਾਰਚ ਅੰਕ ਵਿਚ ਗੁਰਸ਼ਰਨ ਸਿੰਘ ਅਤੇ ਅਜਮੇਰ ਸਿੰਘ ਦੀਆਂ ਲਿਖਤਾਂ ਅਤੇ ਮਾਲਵਿੰਦਰ ਸਿੰਘ ਮਾਲੀ ਦੀ ਤਜਵੀਜ਼ ਨੇ ਕਮਿਉ-ਨਿਸਟ ਇਨਕਲਾਬੀਆਂ ਦਰਮਿਆਨ ਸਾਰਥਕ ਅਤੇ ਜੁੰਮੇਵਾਰ ਬਹਿਸ-ਵਿਚਾਰ ਲਈ ਬਹੁਤ ਹੀ ਸ਼ਾਨਦਾਰ ਮਾਹੌਲ ਪੈਦਾ ਕਰ ਦਿਤਾ ਸੀ। ਖੁਸ਼ਗਵਾਰ ਮਾਹੌਲ ਵਿਚ ਬਹਿਸ-ਵਟਾਂਦਰਾ ਅੱਜ ਸਮੇਂ ਦੀ ਅਹਿਮ ਲੋੜ ਹੈ।

ਇਸ ਪ੍ਰਤੱਖ ਨੂੰ ਕਿਸੇ ਵੀ ਪ੍ਰਮਾਣ ਦੀ ਲੋੜ ਨਹੀਂ ਕਿ ਪਿਛਲੇ ਵੀਹ ਸਾਲਾਂ ਦੀਆਂ ਸਾਂਡੀਆਂ ਸਿਰਤੋੜ ਕੋਸ਼ਿਸ਼ਾਂ ਦੇ ਬਾਵਜੂਦ ਅਸੀਂ ਦੇਸ਼ ਦੀ ਵਿਸ਼ਾਲ ਮਿਹਨਤਕਸ਼ ਜਨਤਾ ਨੂੰ ਆਪਣੇ ਨਾਲ ਨਹੀਂ ਜੋੜ ਸਕੇ ਸਗੋਂ ਲਗਾਤਾਰ ਉਸ ਤੋਂ ਨਿਖੇੜਦੇ ਗਏ ਹਾਂ। ਇਕ ਤੋਂ ਬਾਅਦ ਦੂਸਰੀ ਫੁੱਟ ਦੇ ਨਹਿਸ਼ ਵਰਤਾਰੇ ਨੇ ਇਹ ਹਾਲ ਕਰ ਦਿਤਾ ਹੈ ਕਿ ਅੱਜ ਵੱਖ ਵੱਖ ਗਰੁੱਪਾਂ ਦੀ ਗਿਣਤੀ ਅਤੇ ਨਾਂ ਯਾਦ ਰੱਖਣੇ ਵੀ ਮੁਸ਼ਕਲ ਹੋ ਗਏ ਹਨ। ਇਸ ਤੋਂ ਉਲਟ ਦੇਸ਼ ਅੰਦਰ ਕੁਝ ਅਜਿਹੀਆਂ ਤਾਕਤਾਂ ਉਭਰ ਆਈਆ ਹਨ ਜੋ ਲੋਕਾਂ ਲਈ ਚੁੰਬਕੀ ਅਸਰ ਰੱਖਦੀਆ ਹਨ ਅਤੇ ਕੇਂਦਰੀ ਹਾਕਮਾਂ ਦੇ ਬਾਅਦ ਉਹਨਾਂ ਦਾ ਦੂਸਰਾ ਨਿਸ਼ਾਨਾ ਅਸੀਂ ਬਣ ਰਹੇ ਹਾਂ। ਇਸ ਤੋਂ ਵੱਧ ਚਿੰਤਾ ਜਨਕ ਹਾਲਤ ਹੋਰ ਕੀ ਹੋ ਸਕਦੀ ਹੈ?

ਸਮੱਸਿਆ ਇਹ ਨਹੀਂ ਕਿ ਇਨਕਲਾਬੀ ਬੱਚ

ਗਏ ਹਨ ਜਾਂ ਉਹ ਕੁਝ ਕਰਨਾ ਨਹੀਂ ਚਾਹੁੰਦੇ । ਸਮੱਸਿਆ ਤਾਂ ਇਹ ਹੈ ਕਿ ਕੀਤਾ ਕੀ ਜਾਵੇ, ਕਿਸ ਵਿਧ ਕੀਤਾ ਜਾਵੇ । ਸਾਡੀ ਰਵਾਇਤੀ ਸਿਆਸੀ ਲੀਹ ਕੋਈ ਰਾਹ ਨਹੀਂ ਦੇ ਰਹੀ । ਅਸੀਂ ਇਸ ਲੀਹ ਨੂੰ ਲਾਗੂ ਕਰਨ ਵਿਚ ਕੋਈ ਕਸਰ ਨਹੀਂ ਛੱਡੀ । ਹਜ਼ਾਰਾਂ ਸਾਥੀਆਂ ਨੇ ਆਪਣਾ ਖੂਨ ਵੀ ਦਿਤਾ। ਪਰ ਇਸ ਸਾਰੇ ਕੁਝ ਦੇ ਬਾਵਜੂਦ ਅਸੀਂ ਵਿਚਾਰੇ ਜਿਹੇ ਅਤੇ ਤਰਸ ਦੇ ਪਾਤਰ ਬਣ ਕੇ ਰਹਿ ਗਏ ਹਾਂ ।

ਅਸਲ ਗੱਲ ਤਾਂ ਇਹ ਹੈ ਕਿ ਸਾਡੀ ਮੌਜੂਦਾ ਹਾਲਤ ਸਾਡੀ ਸਿਆਸੀ ਲੀਹ ਦੀ ਹੀ ਦੇਣ ਹੈ। ਸਾਡੀ ਇਹ ਲੀਹ ਸਮਾਜਕ ਹਕੀਕਤਾਂ ਦੇ ਮੇਲ ਦੀ ਸਾਬਤ ਨਹੀਂ ਹੋਈ। ਸਮਾਜਕ ਹਕੀਕਤਾਂ ਕੁਝ ਹੋਰ-ਹਨ ਅਸੀਂ ਕਿਸੇ ਹੋਰ ਪਾਸੇ ਟੱਕਰਾਂ ਮਾਰਦੇ ਰਹੇ । ਕਾਮਰੇਡ ਲੈਨਿਨ ਦੇ ਕਥਨ "ਠੋਸ ਹਕੀਕਤਾਂ ਦਾ ਨਿਰਣਾ, ਮਾਰਕਸਵਾਦ ਦੀ ਧੜਕਦੀ ਰੂਹ ਹੈ ਨੂੰ ਅਸੀਂ ਪਿਛਲੇ 20 ਸਾਲਾਂ ਦੌਰਾਨ ਘੱਟੋ ਘੱਟ ਇਕ ਕਰੋੜ ਵਾਰੀ ਦੁਹਰਾਇਆ ਹੋਵੇਗਾ ਪਰ ਅਸਲ ਵਿਚ ਅਸੀਂ ਚੀਨੀ ਕਮਿਊਨਿਸਟ ਪਾਰਟੀ ਵੱਲੋਂ ਸਾਨੂੰ ਦਿਤੇ ਗਏ 10, 15 ਫਾਰਮੂਲਿਆਂ- "ਤਿੰਨ ਜਾਦੂਮਈ ਹਥਿਆਰ, ਚਾਰ ਪਹਾੜ, ਅਰਧ ਜਗੀਰੂ-ਅਰਧ ਬਸਤੀਵਾਦ ਚਾਰ ਜਮਾਤਾਂ ਦਾ ਸਾਂਝਾ ਮੋਰਚਾ, ਜ਼ਮੀਨ ਹਲ ਵਾਹਕ ਦੀ....।" ਨੂੰ ਹੀ ਚੱਬਦੇ ਰਹੇ । ਸਮਾਜ ਆਪਣੀ ਤੋਰੇ ਤੁਰਦਾ ਰਿਹਾ । ਸਮਾਜ ਦੀ ਤੋਰ ਬਹੁਤ ਬੇਦਰਦ ਹੁੰਦੀ ਹੈ। ਉਹ ਕਿਸੇ ਦੀ ਵੀ ਪ੍ਰਵਾਹ ਨਹੀਂ ਕਰਦੀ । ਜਿਹੜਾ ਵੀ ਉਸ ਨਾਲ ਕਦਮ ਮਿਲਾ ਕੇ ਨਹੀਂ ਤੁਰਦਾ ਉਸੇ ਨੂੰ ਹੀ ਉਹ ਧੱਕਾ ਦੇ ਕੇ ਲਾਂਭੇ ਸੁਟ ਦੇਂਦੀ ਹੈ। ਸਾਡੇ ਨਾਲ ਵੀ ਇਸ ਤਰ੍ਹਾਂ ਹੀ ਵਾਪਰਿਆ ਹੈ, ਕੋਈ ਜੱਗੋਂ ਤੇਰ੍ਹਵੀਂ ਨਹੀਂ ਹੋਈ। ਜੇ ਅਸੀ ਪੰਜਾਬ ਅੰਦਰ ਬੇਅਰਥ (Irrelvant) ਹੋ ਕੇ ਰਹਿ ਗਏ ਤਾਂ ਇਸਦਾ ਅਰਥ ਸਿਰਫ ਇਹ ਹੈ ਕਿ ਅਸੀਂ ਸਮਾਜੀ ਹਕੀਕਤਾਂ ਨੂੰ ਨਜ਼ਰ ਅੰਦਾਜ਼ ਕਰਕੇ ਇਨਕਲਾਬੀ ਲਹਿਰ ਉਸਾਰਨ 'ਚ ਰੁਝੇ ਰਹੇ । ਕਿਸਾਨ ਲਹਿਰ ਦੀ ਹੀ ਮਿਸਾਲ ਲਓ । ਜਦੋਂ "ਜ਼ਮੀਨ ਹਲ-ਵਾਹਕ ਦੀ" ਵਾਲਾ ਸਾਡਾ ਨਾਹਰਾ ਸਮਾਜੀ ਹਕੀਕਤਾਂ ਨਾਲ ਮੇਲ ਹੀ ਨਹੀਂ ਖਾਂਦਾ ਤਾਂ ਕਿਸਾਨੀ ਸਾਡੇ ਨਾਲ ਕਿਵੇਂ ਆਏਗੀ। ਲਾਜ਼ਮੀ ਹੀ ਉਹ ਭਾਰਤੀ ਕਿਸਾਨ ਯੂਨੀਅਨ ਜਾਂ ਅਕਾਲੀ ਦਲ ਪਗਰ ਜਾਵੇਗੀ ਜੋ ਉਹਨਾਂ ਦੀਆਂ ਸਮੱਸਿਆਵਾਂ ਬਾਰੇ (ਭਾਵੇਂ ਕਿਸੇ ਵੀ ਮਕਸਦ ਨਾਲ) ਅਵਾਜ਼ ਉਠਾਉਣ (Articulate) ਲਈ ਕਦਮ ਉਠਾਉਂਦੇ ਹਨ। ਇਹੀ ਹਾਲ ਦਲਿਤ ਵਰਗ ਦਾ ਹੈ। ਨਕਸਲਬਾੜੀ ਦੀ ਘਟਨਾ ਤੋਂ ਲੈ ਕੇ ਅੱਜ ਤੱਕ ਦੇ ਦੋ ਦਹਾਕਿਆਂ ਦੇ ਸਮੇਂ ਦੀ ਕੋਈ ਵੀ ਅਜਿਹੀ ਲਿਖਤ ਨਹੀਂ ਦਿਖਾਈ ਜਾ ਸਕਦੀ ਜਿਸ ਵਿਚ ਜਾਤ-ਪਾਤ ਦੇ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਕੋਸ਼ਿਸ਼ ਕੀਤੀ ਗਈ ਹੋਵੇ । ਕੌਮਾਂਤਰੀ ਪੱਧਰ 'ਤੇ ਸਭਿਆਚਾਰਕ ਇਨ-ਕਲਾਬ ਦੇ ਸਮੇਂ ਤੋਂ "ਪੈਦਾਵਾਰੀ ਤਾਕਤਾਂ ਦੇ ਸਿਧਾਂਤ" ਬਾਰੇ ਖੂਬ ਬਹਿਸ ਹੋਈ ਹੈ। ਅਸੀਂ ਖੂਬ ਵੱਧ ਚੜ ਕੇ ਇਸ ਵਿਚ ਹਿੱਸਾ ਲਿਆ । ਇਸ ਸਿਧਾਂਤ ਨੂੰ ਰੱਦ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਪਰ ਸਾਰਾ ਕੁਝ ਅਮੂਰਤ (Abstract) ਪੱਧਰ 'ਤੇ। ਜਦੋਂ ਠੋਸ ਰੂਪ ਵਿਚ ਜਾਤ-ਪਾਤ ਦੀ ਗੱਲ ਆਉਂਦੀ ਹੈ ਤਾਂ ਅਸੀਂ "ਪੈਦਾਵਾਰੀ ਤਾਕਤਾਂ ਦੇ ਸਿਧਾਂਤ" ਦੇ ਸਭ ਤੋਂ ਵੱਡੇ ਪੈਰੋਕਾਰ ਬਣ ਜਾਂਦੇ ਹਾਂ। ਜਦੋਂ ਅਸੀਂ ਕਹਿੰਦੇ ਹਾਂ ਕਿ "ਜਾਤ-ਪਾਤ ਉਸਾਰ ਢਾਂਚੇ ਦਾ ਮਸਲਾ ਹੈ ਆਰਥਕ ਰਿਸ਼ਤਿਆਂ ਨਾਲ ਜੁੜ ਕੇ ਹੋਂਦ ਵਿਚ ਆਇਆ ਹੈ ਅਤੇ ਆਰਥਕ ਰਿਸ਼ਤਿਆਂ ਨਾਲ ਜੁੜ ਕੇ ਖਤਮ ਹੋਵੇਗਾ" ਤਾਂ "ਪੈਦਾਵਾਰੀ ਤਾਕਤਾਂ ਦੇ ਸਿਧਾਤ" ਦੀ ਇਸ ਤੋਂ ਖੂਬਸੂਰਤ ਮਿਸਾਲ ਹੋਰ ਕੀ ਹੋ ਸਕਦੀ ਹੈ। ਇਸ ਸਿਧਾਂਤ ਮੁਤਾਬਕ ਸਮਾਜ ਦੇ ਹੋਰਨਾਂ ਮਸਲਿਆਂ ਵਾਂਗ ਜਾਤ-ਪਾਤ ਦੇ ਮਸਲੇ ਨੇ ਵੀ ਆਰਥਕ ਤਬਦੀਲੀਆਂ ਨਾਲ ਆਪਣੇ ਆਪ ਹੀ ਹੱਲ ਹੋ ਜਾਣਾ ਹੈ ਇਸੇ ਕਰਕੇ ਅਸੀਂ ਜਾਤ-ਪਾਤ ਦੇ ਮਸਲੇ ਦੀਆਂ ਵਿਸ਼ੇਸ਼ਤਾਈਆਂ (Specificitics) ਨੂੰ ਸਮਝਣ ਅਤੇ ਉਸ ਮੁਤਾਬਕ ਕਾਰਜ ਕੱਢਣ ਲਈ ਕੋਈ ਕੋਸ਼ਿਸ਼ ਨਹੀਂ ਕਿਤੀ। ਦੂਸਰੇ ਪਾਸੇ ਡਾਕਟਰ ਅੰਬੇਦਕਰ ਜਦੋਂ ਆਪਣੀ ਕਿਰਤ "ਜਾਤ-ਪਾਤ ਦਾ ਬੀਜ ਨਾਸ਼" ਦੇ ਇਕ ਚੈਪਟਰ ਵਿਚ ਸਾਡੇ ਉਪਰਲੇ ਸਿਧਾਂਤ ਨੂੰ ਰੱਦ ਕਰਦਾ ਹੈ ਤਾਂ ਉਹ ਨਾਂ ਸਿਰਫ ਹਕੀਕਤਾਂ ਦੇ ਵੱਧ ਨੇੜੇ ਹੁੰਦਾ ਹੈ ਸਗੋਂ "ਪੈਦਾਵਾਰੀ ਤਾਕਤਾਂ ਦੇ ਸਿਧਾਂਤ" ਨੂੰ ਰੱਦ ਕਰਨ ਵਾਲੇ ਮਾਓ ਜੇ ਤੁੰਗ ਦੇ ਵਿਚਾਰਾਂ ਦੇ ਵੀ ਵੱਧ ਨੇੜੇ ਹੁੰਦਾ ਹੈ । ਅਜਿਹੀ ਹਾਲਤ ਵਿਚ ਅਸੀਂ ਕਿਵੇਂ ਉਮੀਦ ਕਰ ਸਕਦੇ ਹਾਂ ਦਲਿਤ ਲੋਕ ਸਾਡੇ ਦੁਆਲੇ ਜੁੜਨ ਭਾਵੇਂ ਡਾਕਟਰ ਅੰਬੇਦਕਰ ਅਤੇ ਉਸ ਦੇ ਪੈਰੋਕਾਰਾਂ ਵਿਚ ਕਿੰਨੀਆਂ ਵੀ ਘਾਟਾਂ ਕਿਉਂ ਨਾ ਹੋਣ ਬੁਨਿਆਦੀ ਮਸਲੇ 'ਤੇ ਦਰੁਸਤ ਪੁਜ਼ੀਸ਼ਨ ਲੈਣ ਕਰਕੇ ਹੀ ਉਹ ਦਲਿਤ ਵਰਗ ਨੂੰ ਆਪਣੇ ਦੁਆਲੇ ਜੋੜ ਗਏ ਹਨ ।

ਇਹ ਸਾਰਾ ਕੁਝ ਲਿਖਣ ਦਾ ਮੇਰਾ ਮਤਲਬ ਸਿਰਫ ਇਹ ਸੀ ਕਿ ਸਾਡੀ ਮੌਜੂਦਾ ਸਥਿਤੀ ਦੇ ਕਾਰਨ ਸਾਡੀ ਸਿਆਸੀ ਲੀਹ ਵਿਚ ਹਨ । ਸਾਨੂੰ ਆਪਣੀ ਮੌਜੂਦਾ ਹਾਲਤ ਤੇ ਝੂਰਨ ਦੀ ਥਾਂ ਲੀਹ 'ਤੇ ਹੀ ਮੁੜ ਝਾਤ ਮਾਰਨੀ ਚਾਹੀਦੀ ਹੈ ਅਤੇ ਇਸ ਵਿਚ

ਲੋੜੀਂਦੀਆਂ ਤਬਦੀਲੀਆਂ ਕਰਨੀਆਂ ਚਾਹੀਦੀਆਂ ਹਨ। ਬੀਤੇ ਇਤਿਹਾਸ ਦੀ ਸਾਡੇ ਕੋਲੋਂ ਇਹੋ ਹੀ ਮੰਗ ਹੈ।

ਪਰ ਲੀਹ ਵਿਚ ਤਬਦੀਲੀਆਂ ਕਿਵੇਂ ਹੋਣ? ਕੀ ਕੁਝ ਆਗੂ ਕਮਰਿਆਂ ਵਿਚ ਬੈਠ ਕੇ ਨਵੀਂ ਲੀਹ ਘੜ ਕੇ ਸਫਾਂ ਸਾਹਮਣੇ ਰੱਖ ਦੇਣ ਅਤੇ ਸਫਾਂ ਫਿਰ ਪੂਰੇ ਜ਼ੋਰ ਸ਼ੋਰ ਨਾਲ ਉਸ ਨੂੰ ਲਾਗੂ ਕਰਨ ਲੱਗ ਪੈਣ। ਨਹੀਂ, ਇਸ ਤਰ੍ਹਾਂ ਨਹੀਂ ਸਰਨਾ। ਲੀਹ ਦੀਆਂ ਤਬਦੀਲੀਆਂ ਦੇ ਮੱਸਲੇ ਬੜੇ ਨਾਜ਼ਕ ਹੁੰਦੇ ਹਨ। ਇਸ ਗੱਲ ਦਾ ਪੂਰਾ ਖਤਰਾ ਹੁੰਦਾ ਹੈ ਕਿ ਕਿਤੇ "ਖਾਤੇ ਵਿਚੋਂ ਨਿਕਲਕੇ ਖੂਹ ਵਿਚ ਹੀ ਨਾ ਪੈ ਜਾਈਏ"। ਪਰ ਖਤਰੇ ਮੁੱਲ ਲੈਣ ਤੋਂ ਬਿਨਾ ਅੱਗੇ ਵੀ ਨਹੀਂ ਤੁਰਿਆ ਜਾ ਸਕਦਾ। ਖਤਰਿਆਂ ਨੂੰ ਘਟਾਉਣ ਲਈ ਜ਼ਰੂਰੀ ਹੁੰਦਾ ਕਿ ਪੁਰਾਣੀ ਲੀਹ ਦੀ ਚੀਰਫਾੜ ਅਤੇ ਉਸ ਵਿਚ ਤਬਦੀਲੀ ਦੇ ਅਮਲ ਸਮੇਂ ਕੋਈ ਅਜਿਹਾ ਸਾਮਾਂ ਬਣਾਇਆ ਜਾਵੇ ਕਿ ਵੱਧ ਤੋਂ ਵੱਧ ਇਨਕਲਾਬੀ ਇਸ ਅਮਲ ਵਿਚ ਸ਼ਾਮਲ ਹੋ ਸਕਣ।

ਗੁਰਸ਼ਰਨ ਸਿੰਘ ਹੋਰਾਂ ਵੱਲੋਂ ਸਮਤਾ ਵਿਚ ਸ਼ੁਰੂ ਕੀਤਾ ਗਿਆ ਬਹਿਸ-ਵਿਚਾਰ ਦਾ ਅਮਲ ਅਜਿਹੇ ਸਾਮੇਂ ਦਾ ਹੀ ਇਕ ਰੂਪ ਸੀ। ਜਿਵੇਂ ਉਹਨਾਂ ਨੇ ਅਪਰੈਲ ਅੰਕ ਵਿਚ ਲਿਖਿਆ ਹੈ ਇਨਕਲਾਬੀ ਕੇਂਦਰ ਦੀ ਸਥਾਪਤੀ ਪਿੱਛੇ ਵੀ ਉਹਨਾਂ ਦਾ ਇਕ "ਵੱਡਾ ਮੰਤਵ ਇਨਕਲਾਬੀ ਧਿਰਾਂ ਲਈ ਵਿਚਾਰ ਵਟਾਂਦਰੇ...ਲਈ ਥੜਾ ਮੁਹੀਯਾ ਕਰਨਾ ਸੀ"। ਮੌਜੂਦਾ ਸਥਿਤੀ ਵਿਚ ਕਮਿਊਨਿਸਟ ਇਨਕਲਾਬੀ ਲਹਿਰ ਨੂੰ ਸੰਕਟ ਵਿਚੋਂ ਕੱਢਣ ਦਾ ਇਸ ਤੋਂ ਬਿਹਤਰ ਹੋਰ ਕੋਈ ਢੰਗ ਨਹੀਂ ਹੋ ਸਕਦਾ। ਗੁਰਸ਼ਰਨ ਸਿੰਘ ਹੋਰਾਂ ਲਹਿਰ ਨੂੰ ਸੰਕਟ ਵਿਚੋਂ ਕੱਢਣ ਦਾ ਢੰਗ ਹੀ ਨਹੀਂ ਪੇਸ਼ ਕੀਤਾ ਸਗੋਂ ਅਮਲ ਨੂੰ ਸ਼ੁਰੂ ਕਰਨ ਲਈ ਨਾ ਸਿਰਫ ਫਰਵਰੀ ਅੰਕ ਵਿਚ ਆਪਣੀ ਲਿਖਤ ਹੀ ਛਾਪੀ ਸਗੋਂ ਮਾਰਚ ਅੰਕ ਵਿਚ ਅਜਮੇਰ ਸਿੰਘ ਦੀ ਲਿਖਤ ਛਾਪਕੇ ਸਾਰੀਆਂ ਇਨਕਲਾਬੀ ਧਿਰਾਂ ਨੂੰ ਇਸ ਲਿਖਤ ਨੂੰ ਬਹਿਸ ਅਧੀਨ ਲਿਆਉਣ ਦਾ ਸੱਦਾ ਦੇ ਕੇ ਇਨਕਲਾਬੀ ਲੀਹ ਘੜਨ ਵਿਚ ਆਪੋ ਆਪਣਾ ਹਿਸਾ ਪਾਉਣ ਦਾ ਮੌਕਾ ਦਿਤਾ। ਇਹ ਦੋਵੇਂ ਲਿਖਤਾਂ ਸਾਡੀ ਰਵਾਇਤੀ ਸਮਝ ਨਾਲੋਂ ਕਾਫੀ ਹਟਵੀਆਂ ਸਨ ਅਤੇ ਇਸ ਤਰ੍ਹਾਂ ਕਾਫੀ ਰੌਚਿਕ ਅਤੇ ਜਾਨਦਾਰ ਬਹਿਸ ਸ਼ੁਰੂ ਕਰਨ ਦੀਆਂ ਸੰਭਾਵਨਾਵਾਂ ਮੁਹੱਈਆ ਕਰਦੀਆਂ ਸਨ। ਨਾਲ ਹੀ ਨਾਲ ਹੀ ਮਾਲੀ ਦੀ ਤਜਵੀਜ ਨੇ ਬਹਿਸ ਲਈ ਯੋਗ ਮਾਹੌਲ ਵੀ ਬਣਾ ਦਿਤਾ ਸੀ। ਇਨਕਲਾਬੀ ਸਫਾਂ ਨੇ ਆਮ ਕਰਕੇ ਇਸ ਤੇ ਕਾਫੀ ਤਸੱਲੀ ਦਾ ਪ੍ਰਗਟਾਵਾ ਕੀਤਾ ਸੀ।

...ਪਰ ਅਫਸੋਸ ਕਿ ਅਪਰੈਲ ਅੰਕ ਵਿਚ ਛਪੀ ਜਸਪਾਲ ਜੱਸੀ ਦੀ ਲਿਖਤ ਨੇ ਸਾਰਾ ਮਾਹੌਲ ਹੀ ਖਰਾਬ ਕਰਕੇ ਰੱਖ ਦਿਤਾ ਹੈ। ਉਸਨੇ ਗੁਰਸ਼ਰਨ ਸਿੰਘ ਹੋਰਾ ਨਾਲ ਬਹਿਸ ਵਿਚ ਪੈਣ ਦੀ ਥਾਂ ਉਹਨਾਂ ਦੀਆ ਪੁਜ਼ੀਸ਼ਨਾਂ ਨੂੰ ਵਿਗਾੜ ਕੇ ਇਨਕਲਾਬੀ ਸਫਾਂ ਖਾਸ ਕਰਕੇ ਇਨਕਲਾਬੀ ਕੇਂਦਰ ਵਾਲੇ ਸਾਥੀਆਂ ਦੇ ਮਨਾਂ ਅੰਦਰ ਉਹਨਾਂ ਦੇ ਖਿਲਾਫ ਤੁਅੱਸਬ ਭਰਨ ਦੀ ਕੋਸ਼ਿਸ਼ ਕੀਤੀ ਹੈ। ਗੁਰਸ਼ਰਨ ਸਿੰਘ ਹੋਰਾਂ ਸਪਸ਼ਟ ਲਿਖਿਆ ਸੀ "ਖਾਲਸਤਾਨੀ ਦਹਿਸ਼ਤ ਗਰਦਾਂ ਦੀ ਪੂਰੀ ਨਿਖੇਧੀ ਹੋਣੀ ਚਾਹੀਦੀ ਹੈ—ਲੋਕ ਰਾਏ ਉਨ੍ਹਾਂ ਦੇ ਵਿਰੁੱਧ ਲਾਮਬੰਦ ਹੋਣੀ ਚਾਹੀਦੀ ਹੈ। ਪਰ ਉਹਨਾਂ ਦੇ ਵਿਰੁੱਧ ਕੋਈ ਸਿਧਾ ਸੰਘਰਸ਼ ਕਰਨਾ ਬਣਦਾ ਨਹੀਂ; ਸਿੱਧਾ ਸੰਘਰਸ਼ ਸਟੇਟ ਦੇ ਵਿਰੁੱਧ ਹੀ ਹੋਣਾ ਚਾਹੀਦਾ ਹੈ...ਵਿਰੋਧ ਅਤੇ ਸੰਘਰਸ਼ ਦਾ ਫਰਕ ਸਮਝਣਾ ਬਹੁਤ ਜ਼ਰੂਰੀ ਹੈ"। ਜਸਪਾਲ ਜੱਸੀ ਨੇ ਪਹਿਲੀਆਂ ਦੋਵੇਂ ਲਾਈਨਾਂ ਤਾਂ ਬਿਲਕੁੱਲ ਲਾਂਭੇ ਛੱਡ ਦਿਤੀਆਂ ਹਨ ਪਰ ਤੀਸਰੀ ਲਾਈਨ ਨੂੰ ਪਹਿਲੀਆਂ ਨਾਲੋਂ ਤੋੜ ਕੇ ਅਤੇ ਉਸਨੂੰ ਵੰਝ ਤੇ ਟੰਗ ਕੇ ਗੁਰਸ਼ਰਨ ਸਿੰਘ ਦੇ ਖਿਲਾਫ ਲੰਮਾਂ ਚੌੜਾ ਭਾਸ਼ਨ ਝਾੜ ਦਿਤਾ ਹੈ ਅਤੇ ਤਰ੍ਹਾਂ ਤਰ੍ਹਾਂ ਦੇ ਫਤਵੇ ਮਾਰੇ ਹਨ। ਇਕ ਫਤਵਾ ਜਮਾਤੀ ਭਿਆਲੀ ਬਾਰੇ ਵੀ ਹੈ। ਕੋਈ ਵੀ ਨਿਰਪੱਖ ਵਿਅਕਤੀ ਦੇਖ ਸਕਦਾ ਹੈ ਕਿ ਉਪਰਲੇ ਹਵਾਲੇ ਦੀਆਂ ਸਾਰੀਆਂ ਲਾਈਨਾਂ ਆਪਸ ਵਿਚ ਅਟੁੱਟ ਰੂਪ ਵਿਚ ਜੁੜੀਆਂ ਹੋਈਆਂ ਹਨ। ਜੇ ਅਸੀਂ ਕਿਸੇ ਵੀ ਲਾਈਨ ਨੂੰ ਦੂਸਰੀਆਂ ਨਾਲੋਂ ਤੋੜਨ ਦੀ ਕੋਸ਼ਿਸ਼ ਕਰਾਂਗੇ ਤਾਂ ਗੁਰਸ਼ਰਨ ਸਿੰਘ ਹੋਰਾਂ ਦੀ ਪੁਜ਼ੀਸ਼ਨ ਵਿਗੜ (Ditort) ਜਾਵੇਗੀ ਸਾਰੀਆਂ ਲਾਈਨਾਂ ਮਿਲਕੇ ਹੀ ਸਮੁੱਚੇ ਰੂਪ ਵਿਚ ਉਹਨਾਂ ਦੀ ਪੁਜ਼ੀਸ਼ਨ ਨੂੰ ਸਪਸ਼ਟ ਕਰਦੀਆਂ ਹਨ ਕੋਈ ਇਕ ਅੱਧੀ ਲਾਈਨ ਨਹੀਂ। ਜਸਪਾਲ ਜੱਸੀ ਕੋਈ ਐਨਾ ਲੋਲ੍ਹਾ ਤਾਂ ਹੈ ਨਹੀਂ ਕਿ ਉਸਨੂੰ ਸ਼ਬਦ "ਵਿਰੋਧ" ਤੇ "ਸੰਘਰਸ਼" ਦੇ ਫਰਕ ਦਾ ਹੀ ਪਤਾ ਨਾ ਹੋਵੇ। ਉਸਨੂੰ ਸਭ ਪਤਾ ਹੈ। ਗੁਰਸ਼ਰਨ ਸਿੰਘ ਦਾ ਅਮਲ ਵੀ ਉਸਦੇ ਸਾਹਮਣੇ ਹੈ। ਪਰ ਜਦੋਂ ਮਕਸਦ ਹੀ ਕਿਸੇ ਦੇ ਖਿਲਾਫ ਤੁਅੱਸਬ ਭੜਕਾਉਣੇ ਬਣ ਜਾਵੇ ਤਾਂ ਕੌਣ ਪਰਵ੍ਹਾਹ ਕਰਦਾ ਹੈ ਕਿ ਕਿਸੇ ਦੀ ਪੁਜ਼ੀਸ਼ਨ ਵਿਗੜ ਰਹੀ ਹੈ ਜਾਂ ਨਹੀਂ ਸਗੋਂ ਪੁਜ਼ੀਸ਼ਨ ਨੂੰ ਵਿਗਾੜਨਾ ਲੋੜ ਬਣ ਜਾਂਦੀ ਹੈ।

ਇਥੇ ਇਕ ਗੱਲ ਹੋਰ ਨੋਟ ਕਰਨ ਵਾਲੀ ਹੈ। ਸਾਰੀ ਲਿਖਤ ਅੰਦਰ ਜਸਪਾਲ ਜੱਸੀ ਨੇ ਇਹ ਨਹੀਂ ਦੱਸਿਆ ਕਿ ਸ਼ਬਦ "ਸੰਘਰਸ਼ ਤੋਂ" ਉਸਦੀ ਕੀ ਮੁਰਾਦ ਹੈ? ਗੁਰਸ਼ਰਨ ਸਿੰਘ ਦੀ ਖਾਲਸਤਾਨੀਆਂ ਦਾ ਵਿਰੋਧ

ਕਰਨ ਅਤੇ ਉਹਨਾਂ ਖ਼ਿਲਾਫ ਲੋਕ ਰਾਇ ਲਾਮਬੰਦ ਕਰਨ ਦੀ ਸਪਸ਼ਟ ਪੁਜੀਸ਼ਨ ਹੈ। ਜੱਸੀ "ਸੰਘਰਸ਼" ਦੇ ਨਾਮ ਹੇਠ ਉਸ ਤੋਂ ਹੋਰ ਕੀ ਕਰਵਾਉਣਾ ਚਹੁੰਦਾ ਹੈ। ਇਹ ਜਾਨਣ ਲਈ ਸਾਨੂੰ ਜੱਸੀ ਅਤੇ ਉਸਦੇ ਸਿਆਸੀ ਉਸਤਾਦਾਂ ਦੀਆਂ ਹੋਰ ਲਿਖਤਾਂ ਨੂੰ ਵਾਚਣਾ ਪਵੇਗਾ। ਆਪਣੇ ਪਰਚੇ ਇਨਕਲਾਬੀ ਜਨਤਕ ਲੀਹ ਦੇ ਜੁਲਾਈ-85 ਅੰਕ ਵਿਚ ਜੱਸੀ ਲਿਖਦਾ ਹੈ "ਖਾਲਸਤਾਨੀ ਦਹਿਸ਼ਤਗਰਦਾਂ ਖਿਲਾਫ ਹਕੂਮਤ ਵੱਲੋਂ ਹਥਿਆਰ ਬੰਦ ਹੱਲਾ ਬੋਲਿਆ ਜਾਣਾ...ਮਾੜੀ ਗੱਲ ਨਹੀ ਸੀ।...ਲੋਕਾਂ ਲਈ ਇਸਦੇ ਵਿਰੋਧ ਦਾ ਕਾਰਜ ਨਹੀਂ ਸੀ ਬਣਦਾ ਸਗੋਂ ਹਰ ਲੋਕ ਪੱਖੀ ਨੂੰ ਹਕੂਮਤੀ ਹਥਿਆਰ ਬੰਦ ਸ਼ਕਤੀਆਂ ਅਤੇ ਫਿਰਕੂ ਦਹਿਸ਼ਤਗਰਦਾਂ ਦੀ ਟੱਕਰ 'ਚ ਫਿਰਕੂ ਦਹਿਸ਼ਤਗਰਦਾਂ ਦੀ ਹਾਰ ਦੀ ਇੱਛਾ ਰੱਖਣੀ ਚਾਹੀਦੀ ਹੈ..." ਜੱਸੀ ਦੇ ਉਸਤਾਦ ਕਹਿੰਦੇ ਹਨ ਕਿ ਸਾਨੂੰ ਹਕੂਮਤ ਵੱਲੋਂ ਦਹਿਸ਼ਤਗਰਦਾਂ ਦੇ ਖਿਲਾਫ ਬੋਲੇ ਗਏ ਹਮਲੇ ਵਿਚ ਦਹਿਸ਼ਤਗਰਦਾਂ ਦੀ ਹਾਰ ਲਈ ਸਿਰਫ ਇੱਛਾ ਹੀ ਨਹੀਂ ਰੱਖਣੀ ਚਾਹੀਦੀ ਸਗੋਂ ਇਸ ਹਾਰ ਨੂੰ ਯਕੀਨੀ ਬਣਾਉਣ ਲਈ ਠੋਸ ਕਦਮ ਵੀ ਚੁਕਣੇ ਚਾਹੀਦੇ ਹਨ। ਉਹ 'ਜਬਰ ਅਤੇ ਫਿਰਕਾ ਪ੍ਰਸਤੀ ਵਿਰੋਧੀ ਫਰੰਟ ਬਾਰੇ" ਆਪਣੀ ਇਕ ਲਿਖਤ ਵਿਚ ਅਜਿਹੇ ਕਦਮਾਂ ਬਾਰੇ ਦਸਦਿਆਂ ਲਿਖਦੇ ਹਨ ਕਿ ਸਾਨੂੰ ਦਹਿਸ਼ਤਗਰਦਾਂ ਦੇ ਛੁਪਣ ਦੇ ਟਿਕਾਣਿਆਂ ਦਾ ਪਤਾ ਕਰਕੇ ਸ਼ਰੇਆਮ ਨਸ਼ਰ ਕਰਨਾ ਅਤੇ ਖੁਦ ਪਕੜ ਕੇ ਪੁਲਸ ਦੇ ਹਵਾਲੇ ਕਰਨਾ ਚਾਹੀਦਾ ਹੈ।

ਇਹ ਹੈ ਉਸ ਸੰਘਰਸ਼ ਦਾ ਰੂਪ, ਜੋ ਜੱਸੀ ਗੁਰਸ਼ਰਨ ਸਿੰਘ ਤੋਂ ਕਰਵਾਉਣਾ ਚਾਹੁੰਦਾ ਹੈ। ਗੁਰਸ਼ਰਨ ਸਿੰਘ ਤਾਂ ਕੀ, ਕੋਈ ਵੀ ਇਨਕਲਾਬੀ ਅਜਿਹੇ ਸੰਘਰਸ਼-ਸਰਕਾਰ ਭਗਤੀ ਅਤੇ ਪੁਲਸ ਟਾਊਟੀ-ਨੂੰ ਨਫ਼ਰਤ ਨਾਲ ਠੁਕਰਾ ਦੇਵੇਗਾ ਭਾਵੇਂ ਉਸਤੇ "ਖਾਲਸਤਾਨੀਆਂ ਦਾ ਬਾਪੂ ਹੋਣ ਜਾਂ ਜਮਾਤੀ ਭਿਆਲੀ' ਦਾ ਇਲਜ਼ਾਮ ਵੀ ਕਿਉਂ ਨਾ ਲੱਗੇ। ਅਜਿਹੇ ਇਲਜ਼ਾਮਾਂ ਨੂੰ ਬਿਹਤਰ ਸਮਝਦਿਆਂ ਹਇਆਂ ਗੁਰਸ਼ਰਨ ਸਿੰਘ ਵੱਲੋਂ ਜੱਸੀ ਮਾਰਕਾ ਸੰਘਰਸ਼ ਨੂੰ ਠੁਕਰਾਉਣ ਕਾਰਨ ਹੀ ਜੱਸੀ ਉਸਦੇ ਖਿਲਾਫ ਤੁਅੱਸਬ ਭੜਕਾਉਣ ਦੇ ਆਤਮਘਾਤੀ ਰਾਹ ਪੈ ਤੁਰਿਆ ਹੈ। ਉਸਨੂੰ ਪਤਾ ਹੋਣਾ ਚਾਹੀਦਾ ਹੈ ਕਿ ਅੱਜੇ ਕੁਝ ਮਹੀਨੇ ਪਹਿਲਾਂ ਸੁਰਖ-ਰੇਖਾ ਨੇ ਅਜਿਹੀ ਕੋਸ਼ਿਸ਼ ਕੀਤੀ ਸੀ ਅਤੇ ਉਸ ਨੂੰ ਮੂੰਹ ਦੀ ਖਾਣੀ ਪਈ ਸੀ ਜੱਸੀ ਦਾ ਹਸ਼ਰ ਵੀ ਕੋਈ ਵੱਖਰਾ ਨਹੀਂ ਹੋਣ ਲੱਗਾ।

ਜੱਸੀ ਗੁਰਸ਼ਰਨ ਸਿੰਘ ਨੂੰ ਮੇਹਣੇ ਦੇਂਦਾ ਹੈ ਕਿ ਉਸ ਨੇ ਆਪਣੀਆਂ ਕੁਝ ਪੁਜੀਸ਼ਨਾਂ ਬਦਲ ਲਈਆਂ ਹਨ। ਅਸੀਂ ਜੱਸੀ ਨੂੰ ਦੱਸਣਾ ਚਾਹੁੰਦੇ ਹਾਂ ਕਿ ਕੁਝ ਪੁਜੀਸ਼ਨਾਂ ਬਦਲਨਾ ਗੁਰਸ਼ਰਨ ਸਿੰਘ ਅੰਦਰ ਕਿਸੇ ਕਮਜ਼ੋਰੀ ਦਾ ਨਹੀਂ ਸਗੋਂ **ਜ਼ੁੰਮੇਵਾਰੀ ਦੇ ਅਹਿਸਾਸ ਦਾ ਪ੍ਰਗਟਾ ਹੈ**। ਸਿਰਫ ਕੁਝ "ਖੁਦਪ੍ਰਸਤ" ਹੀ ਇਤਿਹਾਸ ਦੇ ਸਪਸ਼ਟ ਫਤਵਿਆਂ ਨੂੰ ਰੱਦ ਕਰਕੇ ਸਦਾ ਸਹੀ ਹੋਣ ਦੀ ਰੱਟ ਲਾ ਸਕਦੇ ਹਨ। ਗੁਰਸ਼ਰਨ ਸਿੰਘ ਅਤੇ ਦੂਸਰੇ ਕਮਿਊਨਿਸਟ ਇਨਕਲਾਬੀ ਕਮਿਊਨਿਸਟ ਲਹਿਰ ਦੇ ਮੌਜੂਦਾ ਸੰਕਟ ਤੋਂ ਡਾਢੇ ਫਿਕਰਮੰਦ ਹਨ ਅਤੇ ਆਪੋ ਆਪਣੀ ਸਮਰੱਥਾ ਅਨੁਸਾਰ ਪੁਰਾਣੀਆਂ ਗਲਤੀਆਂ ਅਤੇ ਕਮਜ਼ੋਰੀਆਂ ਨੂੰ ਸੁਧਾਰ ਰਹੇ ਹਨ ਤਾਂ ਕਿ ਲਹਿਰ ਨੂੰ ਮੁੜ ਨੌ-ਬਰਨੌਅ ਕੀਤਾ ਜਾ ਸਕੇ। ਅਜਿਹੇ ਹਾਲਤ ਵਿਚ ਜ਼ੁੰਮੇਵਾਰ ਆਲੋਚਕਾਂ ਦਾ ਫਰਜ਼ ਹੁੰਦਾ ਹੈ ਕਿ ਉਹ ਨਵੀਆਂ ਅਤੇ ਪੁਰਾਣੀਆਂ ਪੁਜੀਸ਼ਨਾਂ ਨੂੰ ਆਪਸ ਵਿਚ ਭਿੜਾ ਕੇ ਮਾਖੌਲ ਉਡਾਉਣ ਦੀ ਥਾਂ ਨਵੀਆਂ ਪੁਜੀਸ਼ਨਾਂ ਦੇ ਠੀਕ ਜਾਂ ਗਲਤ ਹੋਣ ਬਾਰੇ ਫਤਵੇ ਦੇਣ। ਪਰ ਜੱਸੀ ਨੂੰ ਇਹ ਗੱਲ ਕੌਣ ਸਮਝਾਵੇ?

ਗੁਰਸ਼ਰਨ ਸਿੰਘ ਹੋਰਾਂ ਲਿਖਿਆਂ ਸੀ "ਪੰਜਾਬ ਵਿਚ ਇਸ ਵੇਲੇ ਕਤਲੋਗਾਰਤ ਹੋ ਰਹੀ ਹੈ, ਇਹ ਸੌ ਫੀ ਸੁਦੀ ਭਾਰਤੀ ਸਟੇਟ ਦੀ ਹੀ ਦੇਣ ਹੈ......ਹਕੂਮਤੀ ਦਹਿਸ਼ਤਗਰਦੀ ਭਾਰਤੀ ਸਟੇਟ ਦਾ ਇਕ ਟੁਟਵਾਂ ਅੰਗ ਹੈ ਜਦੋਂ ਕਿ ਖਾਲਸਤਾਨੀ ਦਹਿਸ਼ਤਗਰਦੀ ਇਸ ਸਟੇਟ ਦੇ ਅਮਲ ਦਾ ਪ੍ਰਤੀਕਰਮ......" ਗੁਰਸ਼ਰਨ ਹੋਰਾਂ ਦੀ ਗੱਲ ਬਹੁਤ ਹੀ ਸਾਫ ਹੈ। ਉਹ ਕਹਿ ਰਹੇ ਹਨ ਕਿ ਜੇ ਭਾਰਤੀ ਸਟੇਟ ਦਹਿਸ਼ਤਗਰਦ ਬਣਦੀ ਹੈ ਜਾਂ ਉਸਦੀਆਂ ਦਹਿਸ਼ਤਗਰਦ ਕਾਰਵਾਈਆਂ ਵਿਚ ਵਾਧਾ ਹੁੰਦਾ ਹੈ ਤਾਂ ਇਸ ਦਾ ਕਾਰਨ ਸਟੇਟ ਦੇ ਜਮਾਤੀ ਖਾਸੇ ਵਿਚ ਹੁੰਦਾ ਹੈ। ਸਟੇਟ ਦੀਆਂ ਜਮਾਤੀ ਲੋੜਾਂ ਵਿਚ ਹੁੰਦਾ ਹੈ। ਇਹ ਦਰੁਸਤ ਜਮਾਤੀ ਪਹੁੰਚ ਹੈ। ਪਰ ਜੱਸੀ ਕਹਿੰਦਾ ਹੈ। "ਸਰਕਾਰੀ ਦਹਿਸ਼ਤਗਰਦੀ ਦੇ ਵੱਧਨ-ਫੁੱਲਣ ਲਈ ਖਾਲਸਤਾਨੀ ਦਹਿਸ਼ਤਗਰਦੀ ਜ਼ੁੰਮੇਵਾਰ ਹੈ" ਇਸ ਦਾ ਅਰਥ ਇਹ ਹੈ ਕਿ ਸਰਕਾਰੀ ਦਹਿਸ਼ਤਗਰਦੀ ਦੇ ਵੱਧਣ-ਫੁੱਲਣ ਦਾ ਕਾਰਨ ਉਸਦੀਆਂ ਜਮਾਤੀ ਲੋੜਾਂ (ਪੰਜਾਬ ਦੀ ਮੰਡੀ ਨੂੰ ਭਾਰਤ ਦੇ ਵੱਡੇ ਸਰਮਾਏਦਾਰਾਂ ਦੀ ਲੁੱਟ ਲਈ ਸੁਰੱਖਿਅਤ ਰੱਖਣਾ) ਨਹੀਂ ਸਗੋਂ ਖਾਲਸਤਾਨੀ ਦਹਿਸ਼ਤਗਰਦੀ ਨੂੰ ਖਤਮ ਕਰਨ ਦੀ ਲੋੜ ਹੈ। ਕਿਆ ਕਮਾਲ ਦੀ ਜਮਾਤੀ ਪਹੁੰਚ ਹੈ। ਆਪਣੀ ਇਸੇ ਤਰ੍ਹਾਂ ਦੀ "ਜਮਾਤੀ ਪਹੁੰਚ", ਕਾਰਨ ਹੀ ਉਹ ਸਰਕਾਰੀ ਦਹਿਸ਼ਤਗਰਦੀ ਦਾ ਹੱਥ ਵਟਾਉਣ ਤੱਕ ਦੇ ਸੱਦੇ ਦੇਣ ਤੱਕ ਪਹੁੰਚ ਗਿਆ ਹੈ।

ਅੱਠ ਕੁ ਮਹੀਨੇ ਪਹਿਲਾਂ ਜੱਸੀ ਨੇ ਆਪ ਲਿਖਿਆ ਸੀ "ਪਿਛਾਖੜੀ ਅਤੇ ਇਨਕਲਾਬੀ ਜਮਾਤੀ ਲਹਿਰਾਂ ਦੀ

ਜੰਮਣ ਭੋਂ ਸਾਂਝੀ ਹੈ। ਇਹ ਦੋਨੋਂ ਜਮਾਤੀ ਲੁੱਟ ਅਤੇ ਦਾਬੇ 'ਤੇ ਅਧਾਰਤ ਸਮਾਜਿਕ ਪ੍ਰਬੰਧ ਦੇ ਸੰਕਟ 'ਚੋਂ ਜਨਮ ਲੈਂਦੀਆਂ ਹਨ ਨਿਘਾਰ ਦੀਆਂ ਪਤਾਲਾਂ ਛੂਹ ਰਹੇ ਸਮਾਜਿਕ ਨਿਜ਼ਾਮ ਦਾ ਸੰਕਟ ਲੋਕਾਂ ਦੇ ਮਨਾਂ 'ਚ ਤਿੱਖੀ ਬੇਚੈਨੀ ਅਤੇ ਇਸ 'ਚ ਕਿਸੇ ਤਿੱਖੀ ਤਬਦੀਲੀ ਦੀ ਤਾਂਘ ਪੈਦਾ ਕਰਦਾ ਹੈ [ਪਿਛਾਖੜੀ-ਲਹਿਰਾਂ] ਲੋਕਾਂ ਦੇ ਮਨਾਂ ਅੰਦਰ ਮਚਲ ਰਹੀ ਬੇਚੈਨੀ ਅਤੇ ਤਾਂਘ ਦਾ ਜੋ ਗਹਿਣਿਆਂ ਵਿਜੋਗਿਆਂ ਪ੍ਰਗਟਾ ਹੁੰਦੀਆਂ ਹਨ...।" ਇਹਨਾਂ ਲਾਈਨਾਂ ਦਾ ਲੇਖਕ ਤਾਂ ਬਣ ਗਿਆ ਇਨਕ-ਲਾਬੀ ਜਦੋਂ ਗੁਰਸ਼ਰਨ ਸਿੰਘ ਅਤੇ ਦੂਸਰੇ ਇਨਕਲਾਬੀ ਇਹ ਕਹਿੰਦੇ ਹਨ ਕਿ ਖਾਲਿਸਤਾਨੀ ਲਹਿਰ ਭਾਰਤੀ ਹਾਕਮਾਂ ਦੀ "ਜਮਾਤੀ ਲੁੱਟ ਅਤੇ ਦਾਬੇ" ਕਾਰਨ ਪੈਦਾ ਹੋਏ "ਸਮਾਜਿਕ ਪ੍ਰਬੰਧ ਦੇ ਸੰਕਟ" ਦੀ ਉਪਜ ਹੈ ਅਤੇ ਇਸ ਲਈ ਇਸ ਦੀ ਜ਼ੁੰਮੇਵਾਰੀ ਹਾਕਮਾਂ ਸਿਰ ਆਉਂਦੀ ਹੈ ਤਾਂ ਉਹ ਬਣ ਗਏ "ਉਲਟ ਇਨਕਲਾਬੀ" ਅਤੇ "ਜਮਾਤੀ ਖਿਆਲ"। ਕੀ ਕਿਤੇ "ਜੱਸੀ" ਭੁਲੇਖੇ ਨਾਲ ਹੀ ਉਪਰਲੀਆਂ ਲਾਈਨਾਂ ਤਾਂ ਨਹੀਂ ਲਿਖ ਗਿਆ?

ਅੰਤ ਵਿਚ ਤਿੰਨ ਬੇਨਤੀਆਂ ਜਸਪਾਲ ਜੱਸੀ ਨੂੰ ਅਤੇ ਪਾਠਕਾਂ ਨੂੰ।

ਜਸਪਾਲ ਜੱਸੀ, ਸਾਨੂੰ ਇਹ ਦਸੇ ਕਿ ਉਹ ਖਾਲਸਤਾਨੀਆਂ ਨੂੰ ਕਿਸ ਜਮਾਤ ਦੇ ਨੁਮਾਇੰਦੇ ਅਤੇ ਖਾਲਸਤਾਨੀ ਲਹਿਰ ਨੂੰ ਕਿਸ ਜਮਾਤ ਦੀ ਲਹਿਰ ਸਮਝਦਾ ਹੈ ਅਤੇ ਕਿਵੇਂ? ਤਾਂ ਕਿ ਸਾਨੂੰ ਇਹ ਪਤਾ ਲੱਗ ਸਕੇ ਕਿ ਅਸੀਂ ਕਿਸ ਜਮਾਤ ਦੇ ਖਿਆਲ ਬਣ ਗਏ ਹਾਂ।

ਜਸਪਾਲ ਜੱਸੀ ਨੇ ਲਿਖਿਆ ਹੈ "ਪਿਛਾਖੜੀ ਧਿਰਾਂ ਵਲੋਂ ਕਿਸੇ ਗੋਲਮੇਜ਼ ਗੱਲ ਬਾਤ ਰਾਹੀਂ ਕੀਤੀ ਜਾਣ ਵਾਲੀ ਸੌਦੇਬਾਜ਼ੀ ਪੰਜਾਬ ਮਸਲੇ ਦਾ ਹੱਲ ਨਹੀਂ ਕਰ ਸਕਦੀ"। ਇਹ "ਪੰਜਾਬ ਮਸਲਾ" ਭਲਾ ਹੈ ਕੀ?

ਜਸਪਾਲ ਜੱਸੀ ਵਲੋਂ ਇਸ ਲਿਖਤ ਅੰਦਰ ਖਾਲਸਤਾਨੀਆਂ ਪ੍ਰਤੀ ਅਪਣਾਈ ਗਈ ਪਹੁੰਚ ਅੰਤੇ ਹਿੰਦੂ ਫਿਰਕੂ ਜਨੂੰਨੀਆਂ ਵਲੋਂ ਅਪਣਾਈ ਜਾ ਰਹੀ ਪਹੁੰਚ ਵਿਚ ਬੁਨਿਆਦੀ ਫਰਕ ਕਿਥੇ ਹੈ?

ਇਹੋ ਜਿਹੇ ਜਸਪਾਲੇ ਜੱਸੀ ਦੇ "ਰੁਝੇਵੇਂ" ਹਨ, ਉਹਨਾਂ ਤੋਂ ਉਸ ਵਲੋਂ ਸਾਡੀਆਂ ਬੇਨਤੀਆਂ ਪ੍ਰਤੀ ਗੌਰ ਫਰਮਾਉਣ ਦੀ ਘੱਟ ਹੀ ਉਮੀਦ ਹੈ ਇਸ ਲਈ ਇਕ ਅਖੀਰਲੀ ਬੇਨਤੀ ਪਾਠਕਾਂ ਨੂੰ ਕਰਨੀ ਚਾਹੁੰਦੇ ਹਾਂ।

ਸਵੱਛ ਬਹਿਸ-ਵਿਚਾਰ ਲਈ ਬਹਿਸ ਅੰਦਰ ਜਸਪਾਲ ਜੱਸੀ ਵਲੋਂ ਪਾਏ ਗਏ ਖਲੱਤਰ ਨੂੰ ਇਕ ਸੁਪਨਾ ਸਮਝ ਕੇ ਭੁਲ ਜਾਣ ਅਤੇ ਮੁੜ ਗੱਲ ਉਥੋਂ ਸ਼ੁਰੂ ਕਰਨ ਜਿਥੇ ਗੁਰਸ਼ਰਨ ਸਿੰਘ ਨੇ ਫਰਵਰੀ ਅੰਕ ਵਿਚ ਅਤੇ ਅਜਮੇਰ ਸਿੰਘ ਨੇ ਮਾਰਚ ਅੰਕ ਵਿਚ ਛੱਡੀ ਸੀ। ਬਹਿਸ ਅਧੀਨ ਇਹਨਾਂ ਦੋਹਾਂ ਲਿਖਤਾਂ ਦੀ ਸਿਆਸੀ ਅਹਿਮੀਅਤ ਨੂੰ ਪਛਾਣਦਿਆਂ ਹੋਇਆਂ ਪੰਜਾਬੀ ਟ੍ਰਿਬਿਊਨ ਨੇ ਗੁਰਸ਼ਰਨ ਸਿੰਘ ਦੀ ਲਿਖਤ ਦਾ ਸਾਰ ਤੱਤ ਅਤੇ ਰੋਜ਼ਾਨਾ ਜਨਤਕ ਲਹਿਰ ਨੇ ਅਜਮੇਰ ਸਿੰਘ ਦੀ ਪੂਰੀ ਲਿਖਤ ਨੂੰ ਤਿੰਨ ਕਿਸ਼ਤਾਂ ਵਿਚ ਛਾਪਿਆ ਹੈ। ਉਹਨਾਂ ਅਖ਼ਬਾਰਾਂ ਵਿਚ ਵੀ ਬਹਿਸ ਕੀਤੀ ਜਾਣੀ ਚਾਹੀਦੀ ਹੈ।

—ਹਰਜੀਤ ਸਿੰਘ ਅਟਵਾਲ ਕਾਹਲਵਾਂ (ਜਲੰਧਰ)

## 3 ਇਕ ਚਿੱਠੀ

ਭਾਜੀ—ਸਮਤਾ 'ਚ 'ਸਾਥੀ ਗੁਰਸ਼ਰਨ ਸਿੰਘ ਕਿਧਰ ਨੂੰ' ਪੜ੍ਹਿਆ। ਤੁਹਾਡੀ ਗੱਲ ਜਿਸਦਾ ਭਾਵ ਅਰਥ ਹੈ ਕਿ ਸਟੇਟ ਜੋ ਲੋਕ ਵਿਰੋਧੀ ਹੈ, ਉਹ ਹਰ ਪ੍ਰਵਾਹ ਨੂੰ ਆਪਣੇ ਹਿੱਤ ਵਿਚ ਵਹਾਉਂਦੀ ਹੈ ਤੇ ਮਨੁੱਖ ਨੂੰ ਆਪਣੇ ਤੋਰੇ ਤੋਰਦੀ ਹੈ। ਉਹ ਪਹਿਲੇ ਮੱਸਲੇ 'ਖੜੇ' ਕਰਦੀ ਹੈ ਤੇ ਫਿਰ ਉਸਦੇ ਹੱਲ ਦੀ ਚੀਖ਼ ਪੁਕਾਰ ਕਰਕੇ ਲੋਕਾਂ ਦੀ ਸਹਾਇਤਾ ਮੰਗਦੀ ਹੈ। ਜਿਹੜੇ ਲੋਕ ਇਸ ਸੱਚ ਨੂੰ ਨਹੀਂ ਮੰਨਦੇ ਉਹ ਕਿਥੋਂ ਤਕ ਲੜ ਸਕਦੇ ਹਨ? ਜਦ ਤੱਕ ਇਸ ਤਰ੍ਹਾਂ ਦੀ ਸਟੇਟ ਰਹੇਗੀ, ਮੱਸਲੇ ਉਭਰਦੇ ਰਹਿਣਗੇ ਤੇ ਲੋਕਾਂ ਦਾ ਘਾਣ ਹੁੰਦਾ ਰਹੇਗਾ। ਕੋਈ ਕਰ ਰਿਹਾ ਨਜ਼ਰ ਆਉਂਦੈ, ਕੋਈ ਕਰਵਾ ਰਿਹਾ ਪਰ ਮਸਲਾ ਸਟੇਟ ਦੀ ਬਰਕਰਾਰੀ ਦਾ ਹੀ ਹੈ। ਜਿਸੜੇ ਲੋਕ ਰਾਹ ਵਿਚ ਹੀ ਸਟੇਟ ਦੇ ਖੜੇ ਕੀਤੇ ਮਸਲਿਆਂ ਵਿਚ ਉਲਝਕੇ ਰਹਿ ਜਾਣ ਤੇ ਆਪਣੀ ਸਾਰੀ ਤਾਕਤ ਮੱਸਲੇ 'ਚ ਝੋਕ ਦੇਣ ਤੇ ਮਰ ਮਿਟ ਜਾਣ ਦੀ ਨੌਬਤ ਆ ਜਾਏ, ਉਹ ਜਾਣੇ ਅਣਜਾਣੇ ਸਟੇਟ ਦੀ ਉਮਰ ਲੰਬੀ ਕਰਦੇ ਹਨ ਕਿਉਂਕਿ ਉਹਨਾਂ ਦਾ ਨਿਸ਼ਾਨਾ ਸਟੇਟ ਨਾ ਰਹਿਕੇ, ਇਕੋ ਮਸਲਾ ਬਣ ਜਾਂਦਾ ਹੈ।

ਅਜਿਹਾ ਸ: ਭਗਤ ਸਿੰਘ ਨੇ ਵੀ ਕੀਤਾ ਸੀ ਤੇ ਇਸ ਗ਼ਲਤੀ ਦਾ ਉਸਨੇ ਅੰਤਲੇ ਦਿਨਾਂ 'ਚ ਅਹਿਸਾਸ ਕਰ ਲਿਆ ਸੀ। ਭਗਤ ਸਿੰਘ ਸ਼ਹੀਦ ਹੋ ਗਿਆ। ਇਕੋ ਮਸ... ਮਿਲਿਆ ਯੋਧਾ, ਆਜ਼ਾਦੀਆਂ ਦਾ ਪਹਿਰੂ ਫਾਂਸੀ ਚੜ੍ਹ ਗਿਆ ਤੇ ਉਸਦੇ ਨਾਲ ਹੀ ਗਾਂਧੀਆਂ ਦੀ ਕਤਾਰ ਲੰਬੀ ਹੋ ਗਈ ਕਿ 88 'ਚ ਵੀ ਗਾਂਧੀ ਸਟੇਟ ਦਾ ਮਾਲਕ ਹੈ। ਜੋ ਲੋਕ ਮੱਸਲਿਆਂ 'ਚ ਉਲਝ ਕੇ ਆਪਣੀ ਸ਼ਕਤੀ ਗੁਆ ਦੇਂਦੇ ਹਨ, ਉਹ ਸਟੇਟ ਦੇ ਹੱਕ ਵਿਚ ਭੁਗਤ ਜਾਂਦੇ ਹਨ ਤਾਂ ਜਿਨ੍ਹਾਂ ਲੋਕਾਂ ਦਾ ਨਿਸ਼ਾਨਾ ਮੂਲ ਸਰੋਤ ਸਟੇਟ ਹੋਵੇ, ਉਹ ਲੋਕ ਵਿਰੋਧੀ ਸਟੇਟ ਢਾਅ ਕੇ ਲੋਕ ਹਿਤੂ ਸਟੇਟ ਉਸਾਰ ਕੇ ਸਾਰੇ ਮਸਲੇ ਹੱਲ ਕਰਨੇ ਵਿਚ ਕਾਮਯਾਬ ਹੁੰਦੇ ਹਨ। ਤੁਸੀਂ ਜੋ ਇਹੋ ਵਿਚਾਰ ਰੱਖਦੇ ਹੋ ਤਾਂ ਡਟੇ ਰਹੋ। ਸੱਚ ਤੁਹਾਡੇ ਪਾਸ ਹੈ।

—ਇਕ ਪਾਠਕ

o

## 4. ਸਮੇਂ ਪ੍ਰਤੀ ਸਾਨੂੰ ਗੰਭੀਰ ਹੋਣਾ ਚਾਹੀਦਾ ਹੈ

(ਸੂਬਾ ਕਮੇਟੀ ਮੈਂਬਰ ਇਨਕਲਾਬੀ ਕੇਂਦਰ ਪੰਜਾਬ)

ਪਿਛਲੇ ਦਿਨੀ ਫਿਰ ਸ਼ਿੱਦਤ ਨਾਲ ਅਸੀਂ ਮਹਿਸੂਸ ਕਰਨ ਲਗੇ ਹਾਂ ਕਿ ਕੋਈ ਸਾਂਝਾ ਪਲੇਟਫਾਰਮ ਹੋਣਾ ਚਾਹੀਦਾ ਹੈ। ਇਹ ਇਕ ਚੰਗੀ ਗੱਲ ਹੈ। ਚੰਗੀ ਸ਼ੁਰੂਆਤ ਹੈ। ਜਿਵੇਂ ਪਿਛਲੀ 'ਸਮਤਾ' ਚ ਭਾ ਜੀ ਨੇ ਨੋਟ ਕੀਤਾ ਕਿ 'ਪਾਸ਼' ਦੇ ਸਮਾਗਮ 'ਤੇ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਸਾਂਝੀ ਕਾਰਵਾਈ ਲਈ ਅਗੇ ਆਉਣ ਦੀ ਲੋੜ ਹੈ। ਹਾਂ ਬੇਹੱਦ ਤੇ ਫੌਰੀ ਲੋੜ ਹੈ। ਹਾਲਾਤ ਨੇ ਸਾਡੇ ਮੂਹਰੇ ਕਈ ਕਿਸਮ ਦੇ ਸੁਆਲ ਖੜੇ ਕਰ ਦਿੱਤੇ ਹਨ। ਇਕ ਪਾਸੇ ਢਾਂਚਾ ਨਾ ਸਿਰਫ ਆਪਣੀ ਜਮਹੂਰੀ ਤੇ ਸੈਕੂਲਰ ਪਰ੍ਹਤ ਗੁੰਮ ਕਰ ਚੁੱਕਾ ਹੈ ਸਗੋਂ ਕਾਂਗਰਸ ਰਾਜਸੀ ਧਿਰ ਰਾਜ ਦੀ ਲੰਮੇਰੀ ਉਮਰ ਹੀ ਜਨੂੰਨੀ ਫਿਰਕਾਪ੍ਰਸਤੀ ਅਤੇ ਢਾਂਚੇ ਦੇ ਕੇਂਦਰੀ ਕਰਨ ਫੌਜੀ ਕਰਨ ਦੇ ਸਹਾਰੇ ਕਰ ਰਹੀ ਹੈ। ਦੂਜੇ ਪਾਸੇ ਫਿਰਕੂ ਜਨੂਨੀ ਦਹਿਸ਼ਤਗਰਦੀ ਹਰ ਕਿਸਮ ਦੇ ਅਗਾਂਹਵਧੂ ਤੇ ਵਿਸ਼ੇਸ਼ ਕਰ ਇਨਕਲਾਬੀ ਤਾਕਤਾਂ ਲਈ ਚੁਣੌਤੀ ਬਣ ਕੇ ਮੂਹਰੇ ਖੜੀ ਹੈ। ਪਿਛਲੇ ਮੱਧ ਯੁੱਗੀ ਵਿਚਾਰਾਂ ਵਾਲੀ ਇਸ ਸੋਚ ਦੇ ਧਾਰਨੀਆਂ ਵਲੋਂ ਸੌੜੇ ਧਾਰਮਕ ਹਿੱਤਾਂ ਲਈ ਵਰਤੀ ਜਾ ਰਹੀ ਗੋਲੀ ਦੀ ਭਾਸ਼ਾ, A k 47 ਦੀ ਦਲੀਲ; ਇਕ ਪਾਸੇ ਜਾਂਗਲੀਪੁਣੇ ਦਾ ਇਜ਼ਹਾਰ ਹੈ। ਜਿਸ ਨੂੰ ਹਰ ਚੇਤਨ ਆਦਮੀ ਹੀ ਨਾ-ਕਾਬਲੇ ਬਰਦਾਸ਼ਤ ਸਮਝਦਾ ਹੈ। ਬੱਸ ਗੋਲੀ ਦੀ ਦਹਿਸ਼ਤ ਨੇ ਹੀ ਇਸ ਰੋਸ ਨੂੰ ਇਕ ਲਹਿਰ ਦਾ ਰੂਪ ਬਣਨ ਤੇ ਰੋਕ ਲਾਈ ਹੋਈ ਹੈ। ਇਨਕਲਾਬੀ ਸ਼ਕਤੀਆਂ ਤੋਂ ਬਿਨਾਂ ਸਾਰੀਆਂ ਹੀ ਰਾਜਸੀ ਧਿਰਾਂ ਨੇ ਲੋਕਾਂ ਦੇ ਕਤਲੇਆਮ ਉਤੇ ਰਾਜਸੀ ਮੁਫਾਦ ਹੀ ਵੇਲੇ ਹਨ। ਸਿਰਫ ਇਨਕਲਾਬੀ ਸ਼ਕਤੀਆਂ ਸਨ ਜੋ ਇਸ ਖਿਲਾਫ ਬੇਫਿਕਰੀ ਨਾਲ ਜੂਝੀਆਂ ਤੇ ਜੂਝ ਰਹੀਆਂ ਹਨ। ਪਰ ਇਨ੍ਹਾਂ ਦੀ ਆਪਣੀ ਇਕ ਸੀਮਤਾਈ ਹੈ। ਉਹ ਇਹੀ ਕਿ ਖਿੰਡੀ ਪੁੰਡੀ ਲਹਿਰ ਇਕ ਜ਼ਬਰਦਸਤ ਲੋਕ ਲਹਿਰ ਲਾਮਬੰਦੀ ਕਰਨ ਤੋਂ ਅਸਮਰਥ ਰਹੀ ਹੈ। ਇਹ ਹਕੀਕਤ ਹੈ ਜਿਸ ਨੂੰ ਹਰ ਕੋਈ ਸਵੀਕਾਰਦਾ ਹੈ।

ਅਸੀ ਇਨ੍ਹਾਂ ਖਿਲਾਫ ਲਗਪਗ ਪੰਜ ਛੇ ਸਾਲਾਂ ਤੋਂ ਲੜਦੇ ਆ ਰਹੇ ਹਾਂ। ਕਦੀ ਕੋਆਰਡੀਨੇਸ਼ਨ ਦੇ ਰੂਪ ਬੜਾ ਉਸਾਰਕੇ ਫਿਰ ਫਿਰਕਾ ਪ੍ਰਸਤੀ ਤੇ ਜਬਰ ਵਿਰੋਧੀ ਫਰੰਟ ਉਸਾਰ ਕੇ ਤੇ ਇਨਕਲਾਬੀ ਕੇਂਦਰ ਪੰਜਾਬ ਦੀ ਉਸਾਰੀ ਕਰਕੇ। ਪਰ ਇਨ੍ਹਾਂ ਤਿੰਨਾਂ ਦੀ ਹੀ ਆਪਣੀ ਸੀਮਤਾਈ ਰਹੀ ਹੈ। ਇਕ ਅਜੇਹਾ ਪਲੇਟਫਾਰਮ ਜੋ ਸਾਰੀਆਂ ਸ਼ਕਤੀਆਂ ਨੂੰ ਆਪਣੇ ਵਿਚ ਸਮੋ ਲਵੇ ਦੀ ਉਸਾਰੀ ਕਰਨ 'ਚ ਅਸੀ ਕਾਮਯਾਬ ਨਹੀਂ ਹੋ ਸਕੇ। ਮੌਜੂਦਾ ਹਾਲਤਾਂ ਪ੍ਰਤੀ ਸਾਡੇ ਨਜ਼ਰੀਏ ਵਿਚ ਭਿੰਨਤਾ ਹੋਣੀ ਕੋਈ ਅਲੋਕਾਰੀ ਗੱਲ ਨਹੀਂ ਪਰ ਇਕ ਗੱਲ ਸਾਫ ਕਿ ਮੋਟੇ ਮੁੱਦਿਆਂ 'ਤੇ ਸਾਡੀ ਲਗਭਗ ਇਕਤਰਤਾ ਹੀ ਬਣਦੀ ਹੈ। ਅਜੋਕੀ ਸਿਆਸੀ ਹਾਲਤ ਵਿਚ ਸਿਆਸੀ ਦਖ਼ਲ ਅੰਦਾਜ਼ੀ ਲਈ ਢੁਕਵੇਂ ਨਾਹਰੇ ਤੇ ਸੋਚ ਅਸੀਂ ਥੋੜੀ ਜਿਹੀ ਵੀ ਗੰਭੀਰਤਾ ਨਾਲ ਸਾਂਝੇ ਤੌਰ ਤੇ ਕੱਢ ਸਕਦੇ ਹਾਂ ਗੰਭੀਰਤਾ ਤੋਂ ਭਾਵ ਇਹ ਨਹੀਂ ਕਿ ਅਸੀਂ ਪਹਿਲਾਂ ਗੰਭੀਰ ਨਹੀਂ ਸਾਂ। ਸਗੋਂ ਇਹ ਕਿ ਇਸ ਨੂੰ ਹਰ ਮੌਕੇ ਹੀ, ਘੁੱਟ ਕੇ ਫੜਨ ਦੀ ਲੋੜ ਹੈ। ਦੋ ਤਿੰਨ ਗੱਲਾਂ ਜੋ ਮੇਰੇ ਧਿਆਨ 'ਚ ਹਨ ਇਸੇ ਚੋਂ ਨਿਕਲਦੀਆਂ ਹਨ।

(ੳ) ਅਜੇਹੇ ਪਲੇਟ ਫਾਰਮ ਇਕ ਵਕਤੀ ਪਲੇਟ ਫਾਰਮ ਹੁੰਦੇ ਹਨ ਇਨ੍ਹਾਂ ਦੀ ਉਸਾਰੀ ਵੇਲੇ ਸਾਨੂੰ ਹਾਲਤਾਂ ਦੀ ਸਿਤਮਜ਼ਰੀਫੀ ਨੂੰ ਮੱਦੇ ਨਜਰ ਰੱਖਦੇ ਘੱਟੋ ਘਟ ਸਹਿਮਤੀ ਤੇ ਆਧਾਰਤ ਉਸਾਰਨ ਵਿਚ ਹਰ ਉਪਰਾਲਾ ਜੁਟਾਉਣਾ ਚਾਹੀਦਾ ਹੈ। ਅਜੇਹੇ ਆਧਾਰ ਤੇ ਆਧਾਰਤ ਕਿ ਹਰ ਇਨਕਲਾਬੀ ਤਾਕਤ ਉਹ ਭਾਵੇਂ ਕਿੰਨੀ ਵੀ ਛੋਟੀ ਕਿਉਂ ਨਾ ਹੋਵੇ ਇਸ ਵਿਚ ਸਮੋਈ ਜਾ ਸਕੇ।

(ਅ) ਹਰ ਗਰੁੱਪ ਛੋਟਾ ਹੋਵੇ ਜਾਂ ਵੱਡਾ ਦੀ ਨੁੰਮਾਇੰਦਗੀ ਬਰਾਬਰਤਾ 'ਤੇ ਆਧਾਰਤ ਹੋਵੇ ਅਤੇ ਹਰ ਗਰੁੱਪ ਦੀ ਜੁੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਪੁਗਾਉਣ ਦੀ ਬਜਾਏ ਜਿਥੇ ਕੁ ਸਾਰਿਆਂ ਦੀ ਸਹਿਮਤੀ ਬਣਦੀ ਹੈ ਉਸ ਨੂੰ ਨਿਤਾਰਨ ਦੀ ਕੋਸ਼ਿਸ਼ ਜੁਟਾਵੇ। ਆਪਣੀ ਪੁਗਾਉਣ ਵਾਲੀ ਤੇ ਇਸ ਲਈ ਬੇ-ਵਜਹ ਲੰਮੀਆਂ ਬਹਿਸਾਂ ਨਾਲ ਅਸੀਂ ਆਪਣੇ ਮਿਸ਼ਨ 'ਚ ਕਾਮਯਾਬ ਨਹੀਂ ਹੋ ਸਕਦੇ। ਮੇਰਾ ਭਾਵ ਇਹ ਨਹੀਂ ਕਿ ਮਸਲੇ ਨਿਤਾਰਨ ਲਈ ਲੰਬੀਆਂ ਬਹਿਸਾਂ ਦੀ ਜ਼ਰੂਰਤ ਨਹੀਂ। ਅਸੀਂ ਸਾਰੇ ਹੀ ਇਕ ਦੂਜੇ ਦੀ ਸਿਆਸਤ ਤੋਂ ਭਲੀ ਭਾਂਤ ਜਾਣੂੰ ਹਾਂ। ਇਕ ਦੂਜੇ ਦੀ ਸਿਆਸਤ ਬਾਰੇ ਸਹੀ ਠੀਕ ਦਾ ਫਤਵਾ ਦੇਣ ਲਈ ਅਲੱਗ ਮੀਟਿੰਗਾਂ ਰੱਖੀਆਂ ਜਾ ਸਕਦੀਆਂ ਹਨ ਤੇ ਰੱਖੀਆਂ ਜਾਣੀਆਂ ਚਾਹੀਦੀਆਂ ਵੀ ਹਨ। ਅਜੇਹੇ ਮੌਕੇ ਤਾਂ ਸਿਰਫ ਪਲੇਟ ਫਾਰਮ ਲਈ ਢੁਕਵੇਂ ਪ੍ਰੋਗਰਾਮ ਲਈ, ਜਿਸ ਨਾਲ ਲੋਕ ਲਾਮਬੰਦੀ ਦੀ ਵਿਸ਼ਾਲਤਾ ਨੂੰ ਹਾਸਲ ਕਰ ਸਕੀਏ, ਵਿਚਾਰ ਕਰਨੀ ਮੁੱਖ ਹੋਣੀ ਚਾਹੀਦੀ ਹੈ।

(ੲ) ਤੀਜਾ ਬੇਹੱਦ ਮਹੱਤਵਪੂਰਨ ਨੁਕਤਾ ਸਾਡੀ ਸ਼ਬਦਾਵਲੀ ਬਾਰੇ ਹੈ, ਜੋ ਕਿ ਅਸੀਂ ਇਕ ਦੂਜੇ ਪ੍ਰਤੀ

ਵਰਤ੍ਹਦੇ ਹਾਂ। ਬਹੁਤ ਸਾਫ ਹੋ ਚੁੱਕਾ ਹੈ ਕਿ ਅਸੀਂ ਅਜੇਹੀ ਸ਼ਬਦਾਵਲੀ ਤੋਂ ਕੁਝ ਵੀ ਹਾਸਲ ਨਹੀਂ ਕਰਦੇ। ਅਜੇਹੇ ਫਰੰਟਾਂ 'ਚ ਕੋਈ ਜਿਨੇ ਦਿਨ ਵੀ ਰਹੇ ਉਹ ਹਾਂ ਪੱਖੀ ਹੈ। ਜੇ ਉਹ ਅਲੱਗ ਹੋ ਰਿਹਾ ਹੈ ਉਸ ਨਾਲ ਦੋਸਤਾਨਾ ਢੰਗ ਵਿਚ ਰਹਿੰਦਿਆਂ ਉਨ੍ਹਾਂ ਕਾਰਨਾਂ ਨੂੰ ਤਾਂ ਵਿਚਾਰਨਾ ਚਾਹੀਦਾ ਹੈ, ਪਰ ਅਜੇਹੀ ਸ਼ਬਦਾਵਲੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਜਿਸ ਨਾਲ ਲਹਿਰ ਵਿਚ ਕੁੜੱਤਣ ਪੈਦਾ ਹੋਵੇ; ਕੁਸੈਲਾ ਮਹੌਲ ਬਣੇ। ਜੇ ਅਸੀਂ ਦੁਨੀਆਂ ਦੇ ਸਭ ਤੋਂ ਸਿਆਣੇ ਤੇ ਸਮਝਦਾਰ ਮਨੁੱਖ ਇਹ ਨਹੀਂ ਕਰ ਸਕਦੇ ਤਾਂ ਹੋਰ ਕੌਣ ਕਰੇਗਾ ?।

ਸਮਾਂ ਬਹੁਤ ਵੱਡੀ ਚੁਣੌਤੀ ਸਾਡੇ ਤੇ ਸੁੱਟ ਰਿਹਾ ਹੈ। ਇਸ ਚਣੌਤੀ ਨੂੰ ਸਵੀਕਾਰਨਾ ਚਾਹੀਦਾ ਹੈ। ਇਨ੍ਹਾਂ ਮੱਧ ਯੁੱਗੀ ਤਾਕਤਾਂ ਵਲੋਂ ਸਿਰਫ–ਮਾਨ–ਪਾਸ਼ ਪੱਡਾ–ਖਦਰ–ਲਾਲੀ ਆਦਿ ਹੀ ਨਹੀਂ ਖੋਹੇ ਸਗੋਂ ਸਾਡੇ ਸਾਰੇ ਕੇਡਰ ਦੇ ਮਨਾਂ ਵਿਚ ਸਵੈ ਸੁਰੱਖਿਆ ਦੀ ਗਾਰੰਟੀ ਬਾਰੇ ਵੀ ਸੁਆਲ ਖੜੇ ਕੀਤੇ ਹਨ। ਸਮੁੱਚੀ ਇਨਕਲਾਬੀ ਲਹਿਰ ਗੁਰੁੱਪਾਂ ਤੇ ਗਰੁੱਪ ਬੰਦੀਆਂ ਤੋਂ ਬਾਹਰ ਬੈਠਾ ਕੇਡਰ ਵੀ ਇਸ ਲੋੜ ਨੂੰ ਗੰਭੀਰਤਾ ਨਾਲ ਮਹਿਸੂਸ ਕਰ ਰਿਹਾ ਹੈ। ਸੁਰੱਖਿਆ ਤੇ ਮੋੜਵਾ ਜੁਆਬ ਦੇਣ ਦਾ ਸੁਆਲ ਵੀ ਅਸੀਂ ਛੋਟੇ ਛੋਟੇ ਗਰੁੱਪ ਦੇਣ ਤੋਂ ਅਸਮਰਥ ਹਾਂ ਆਉ ਸਾਰੀਆ ਚੁਣੌਤੀਆਂ ਲਈ ਅਸੀਂ ਗੰਭੀਰ ਹੋਈਏ। ਹੁੰਗਾਰੇ ਦੀ ਆਸ ਨਾਲ।

o

## 5. ਇਕ ਚਿਠੀ

ਸ: ਗੁਰਸ਼ਰਨ ਸਿੰਘ ਜੀ; ਸਮਤਾ ਅਪ੍ਰੈਲ 88 ਅੰਕ 'ਚ ਜਸਪਾਲ ਜੱਸੀ ਵਲੋਂ ਕੁਝ ਸ਼ੰਕੇ ਤੁਹਾਡੀ ਪ੍ਰਤੀਬਧੱਤਾ ਤੇ ਉਠਾਏ ਗਏ ਹਨ ਜੋ ਕਿ ਗੌਰ ਫ਼ਿਕਰ ਵਾਲੇ ਹਨ। ਤੁਹਾਡੇ ਵਲੋਂ ਕੀਤੀ ਗਈ ਟਿਪਣੀ ਉਨ੍ਹਾਂ ਸ਼ੰਕਿਆਂ ਨੂੰ ਨਵਿਰਤ ਨਹੀਂ ਕਰਦੀ ਸਗੋਂ ਹੋਰ ਸੁਆਲ ਖੜੇ ਕਰਦੀ ਹੈ। ਚਾਹੀਦਾ ਇਹ ਸੀ ਕਿ ਉਨ੍ਹਾਂ ਨੁਕਤਿਆਂ ਨੂੰ ਜਿੰਨਾ ਤੇ ਜੱਸੀ ਨੇ ਉਂਗਲ ਧਰੀ ਹੈ, ਸਮਤਾ ਤੇ ਪਠਕਾ ਲਈ ਬਹਿਸ ਗੋਚਰਾ ਖੁੱਲ੍ਹਾ ਛੱਡ ਦਿੱਤਾ ਜਾਂਦਾ। ਪਰ ਅਫਸੋਸ ਕਿ "ਜਿਸ ਤੋਂ ਮਰਜ਼ੀ ਅਗਵਾਈ ਲੈ ਲਵੇ" ਕਹਿ ਕੇ ਤੁਸੀਂ ਬਹਿਸ ਗੋਚਰੀ ਗੁੰਜਾਇਸ਼ ਵੀ ਨਹੀਂ ਛੱਡੀ। ਮੈਂ ਬੇਨਤੀ ਕਰਦਾ ਹਾਂ ਕਿ ਪਾਠਕਾਂ ਨੂੰ ਆਪਣੀ ਰਾਇ ਇਨ੍ਹਾਂ ਮਸਲਿਆਂ ਤੇ ਖੋਲ੍ਹ ਕੇ ਰੱਖਣ ਦਿਓ।

ਤੁਸੀਂ ਕਦੋਂ ਇਨਕਲਾਬੀ ਕੇਂਦਰ ਦੇ ਆਗੂ ਹੀ ਹੈਸੀਅਤ 'ਚ ,ਤੇ ਕਦੋਂ ਨਿੱਜੀ ਤੌਰ ਤੇ ਬੋਲਦੇ ਹੋ ? ਇਹ ਨਿਰਨਾ ਕਰਨਾ ਮੁਸ਼ਕਲ ਹੈ। ਅੱਜ ਦੀ ਸਥਿਤੀ ਵਿਚ ਤੁਸੀਂ ਇਨਕਲਾਬੀ ਕੇਂਦਰ ਦੇ ਬੁਲਾਰੇ ਹੋ ਤੇ ਜੋ ਵੀ ਤੁਹਾਡੇ ਵਲੋਂ ਕਿਹਾ ਜਾਵੇਗਾ ਉਹ ਇਨ: ਕੇਂਦਰ ਦੀ ਅਗਵਾਈ ਕਰਦਾ ਸਮਝਿਆ ਜਾਵੇਗਾ। ਅਫਸੋਸ ਇਹ ਵੀ ਹੈ ਕਿ ਇਨ: ਕੇਂਦਰ ਨੇ ਤੁਹਾਡੀਆਂ ਇਨ੍ਹਾਂ ਪੁਜ਼ੀਸ਼ਨਾਂ ਜਾਂ ਵਿਰੋਧਤਾ ਨਹੀਂ ਕੀਤੀ। ਤੁਹਾਨੂੰ ਬੇਨਤੀ ਹੈ ਕਿ ਇਨ: ਕੇਂਦਰ ਦੀਆਂ ਮੀਟਿੰਗਾਂ ਤੇ ਜੋ ਮਰਜ਼ੀ ਨਿੱਜੀ ਵਿਚਾਰ ਦਿਓ ਪਰ ਜਨਤਕ ਤੌਰ ਤੇ ਉਹੀ ਪੁਜ਼ੀਸ਼ਨ ਐਲਾਨ ਕਰੋ ਜੋ ਇਨ: ਕੇਂਦਰ ਦੀ ਹੋਵੇ। ਕਿਉਂਕਿ ਤੁਸੀਂ ਇਨ: ਕੇਂਦਰ ਦੀ ਪ੍ਰਤੀ ਬਿੰਬਤ ਕਰਨਾ ਹੈ। ਤੁਹਾਡਾ ਨਵਾਂ ਦਵੰਦਵਾਦੀ 'ਸੰਘਰਸ਼ ਤੇ ਵਿਰੋਧਤਾ' ਦਾ ਸੰਕਲਪ ਜੱਸੀ ਤਾਂ ਕੀ ਪੰਜਾਬ 'ਚ ਸ਼ਾਇਦ ਹੀ ਕਿਸੇ ਦੇ ਗਲੋਂ ਉਤਰਿਆ ਹੋਵੇ। ਜੱਸੀ ਦੀ ਇਹ ਗੱਲ ਕਾਫੀ ਵਜ਼ਨਦਾਰ ਹੈ ਕਿ "ਕਿਸੇ ਹਲਕੇ ਕੁੱਤੇ ਨੂੰ ਇਸੇ ਕਰਕੇ ਲੋਕਾਂ ਦੇ ਬੇਲਗਾਮ ਬੁਰਕ ਭਰਨ ਦੀ ਇਜਾਜ਼ਤ ਨਹੀਂ ਦਿਤੀ ਜਾ ਸਕਦੀ ਕਿ ਇਹ ਵਿਚਾਰਾ ਤਾਂ ਕਿਸੇ ਹੋਰ ਹਲਕੇ ਕੁੱਤੇ ਦੇ ਵੱਢਣ ਕਰਕੇ ਹਲਕ ਗਿਆ ਹੈ।" ਤੁਸੀਂ ਉਸਦੀਆਂ ਦਲੀਲਾਂ ਨੂੰ ਤਰਕ ਦੇ ਪੱਧਰ ਤੇ ਨਕਾਰਾ ਸਾਬਤ ਕਰੋ ਨਾ ਕੇ ਇਹ ਕਹਿਕੇ ਉਸ ਦਾ ਮੂੰਹ ਬੰਦ ਕਰੋ ਕਿ ਉਹ ਸਿਧਾਂਤ ਦੇ ਸਹੀਪੁਣੇ 'ਚ ਗੁਲਤਾਨ ਚੇਤਨਾ ਦੀ ਉਪਜ ਹੈ। ਇਨਕਲਾਬੀ ਯਥਾਰਥਵਾਦੀ ਹੁੰਦੇ ਹਨ ਤੇ ਨਾਲ ਹੀ ਤਰਕਸ਼ੀਲ ਵੀ।

ਵੀ. ਪੀ. ਸਿੰਘ ਸ਼ਾਤਰ ਸਿਆਸਤਦਾਨ ਸਿਆਸੀ ਮੰਚ ਤੇ ਅਜਿਹੇ ਚੋਗੇ ਅਤੇ ਮਖੌਟੇ ਪਹਿਣ ਕੇ ਆਉਂਦੇ ਹਨ ਕਿ ਕੇਰਾਂ ਲੋਕਾਂ ਲਈ ਮਸੀਹਾ ਦਿਸਦੇ ਹਨ। ਜੇ ਜੱਸੀ ਨੇ ਉਸ ਮਖੌਟੇ ਨੂੰ ਪੂਰਾ ਵਗਾਰ ਮਾਰਿਆ ਹੈ ਅਤੇ ਉਹਦੇ ਨਾਟਕ ਤੇ ਤਾਲੀਆਂ ਮਾਰਦੇ ਤੁਸੀਂ ਪਕੜੇ ਗਏ ਹੋ ਤਾਂ ਦਲੇਰੀ ਨਾਲ ਕਬੂਲ ਕਰੋ ਕਿ ਸਿਆਸੀ ਜਾਦੂਗਰਾਂ ਨੂੰ ਸਮਝਣ 'ਚ ਉਕੱਕਾ ਲੱਗ ਗਿਆ।

ਗੁਰਸ਼ਰਨ ਜੀ ਸਾਡੀ ਭਾਵਨਾ ਭਾਵੇਂ ਕਿੰਨੀ ਵੀ ਨੇਕ ਹੋਵੇ ਜ਼ਰੂਰੀ ਨਹੀਂ ਕਿ ਸਿੱਟੇ ਵੀ ਨੇਕ ਕੱਢੇ। ਨੇਕ ਸਿੱਟਿਆਂ ਲਈ ਹਕੀਕਤਾਂ ਦੇ ਗੁਣ ਨਹੀਂ ਹੋਈਦਾ, ਸਗੋਂ ਹਕੀਕਤਾਂ ਨੂੰ ਆਪਣੇ ਹਾਣਦੇ ਕਰਨ ਲਈ ਹੰਭਲ ਦੀ ਲੋੜ ਹੈ।

ਅਮਰੀਕ ਸਿੰਘ ਭੁੱਚੋ ਮੰਡੀ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਗਿਆ ਛਪਾਈ ਚੰਨ ਪ੍ਰਿੰਟਿੰਗ ਪ੍ਰੈਸ, ਗੁਰੂ ਨਾਨਕਪੁਰਾ ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ—ਗੁਰੂ ਖਾਲਸਾ ਨਿਵਾਸ ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ–143002 ਸਾਲਾਨਾ ਚੰਦਾ—15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ: ਸਮਤਾ ਦਾ ਟੈਲੀਫੂਨ ਨੰਬਰ 64786

# ਔਰਤਾਂ ਦੇ ਮਸਲੇ ਬਾਰੇ ਹਰੀਸ਼ ਮਲਹੋਤਰਾ ਦੀ ਧਾਰਮਿਕ ਬਿਰਤੀ

ਮੁਖਤਿਆਰ ਕੌਰ

ਸਮਤਾ ਦੇ ਅਪ੍ਰੈਲ ਅੰਕ ਵਿਚ "ਹਰੀਸ਼ ਮਲਹੋਤਰਾ" ਦੀ ਬਰਮਿੰਘਮ ਤੋਂ ਆਈ ਇਕ ਚਿੱਠੀ ਛਪੀ ਹੈ ਜਿਸ ਵਿਚ ਉਸਨੇ ਸਮਤਾ ਦੇ ਜਨਵਰੀ 1988 ਅੰਕ ਵਿਚ "ਪ੍ਰੀਤ ਫਰੀਦ ਕੋਟੀ" ਦੀ ਲਿਖਤ "ਔਰਤ ਧਰਮ ਦੇ ਪ੍ਰਛਾਵੇਂ ਹੇਠ" 'ਤੇ ਇਹ ਇਤਰਾਜ਼ ਉਠਾਇਆ ਹੈ ਕਿ "ਪ੍ਰੀਤ ਫਰੀਦ ਕੋਟੀ" ਨੇ ਔਰਤਾਂ ਦੇ ਮਸਲੇ 'ਤੇ ਗੱਲ ਕਰਦਿਆਂ ਸਿੱਖ ਧਰਮ ਨੂੰ ਵੀ ਦੂਜੇ ਧਰਮਾਂ ਦੇ ਬਰਾਬਰ ਕਿਉਂ ਨਹੀਂ ਰੱਖਿਆ। ਆਪਣੇ ਬਾਰੇ ਉਹਨਾਂ ਦੱਸਿਆ ਹੈ ਕਿ "ਮੈਂ ਹਿੰਦੂ ਪ੍ਰੀਵਾਰ 'ਚ ਜ਼ਰੂਰ ਪੈਦਾ ਹੋਇਆ ਹਾਂ ਪਰ ਕਿਸੇ ਧਰਮ ਨਾਲ ਨਾ ਮੇਰਾ ਕੋਈ ਸੰਬੰਧ ਹੈ ਅਤੇ ਨਾ ਹੀ ਵਿਸ਼ਵਾਸ਼"। ਇਸ ਤੋਂ ਅਗੇ ਉਹ ਸਵਾਲ ਕਰਦੇ ਹਨ "ਕੀ ਪ੍ਰੀਤ ਮੁਤਾਬਕ ਸਿੱਖ ਧਰਮ 'ਚ ਔਰਤਾਂ ਨੂੰ ਬਰਾਬਰ ਹੱਕ ਹਨ...ਅਗਰ ਗੱਲ (ਇਹ) ਹੈ ਤਾਂ ਮੇਰਾ ਸਵਾਲ ਹੈ ਕਿ ਗੁਰੂ ਗੋਬਿੰਦ ਸਿੰਘ ਦੀਆਂ ਚਾਰ ਅਤੇ ਛੇਵੇਂ ਪਾਤਸ਼ਾਹ ਦੀਆਂ ਅੱਠ ਔਰਤਾਂ ਬਾਰੇ ਇਹਨਾਂ ਦਾ ਕੀ ਖਿਆਲ ਹੈ...ਲਾਵਾਂ ਵੇਲੇ ਔਰਤ ਮਰਦ ਦੇ ਮਗਰ ਕਿਉਂ ਗੇੜੇ ਕੱਢਦੀ ਹੈ? ਤੇ ਫਿਰ ਔਰਤ ਨੂੰ ਹੀ ਕਿਉਂ ਮਰਦ ਦੇ ਲੜ ਲਾਇਆ ਜਾਂਦਾ ਵਾਲਾ ਸ਼ਬਦ ਗਾਇਆ ਜਾਂਦਾ ਹੈ? ਗੁਰਦਵਾਰਿਆਂ 'ਚ ਕਿੰਨੀਆਂ ਔਰਤਾਂ ਭਾਈਪੁਣੇ ਦਾ ਕੰਮ ਕਰਦੀਆਂ ਹਨ ਕਿੰਨੀਆਂ ਰਾਗੀ ਅਤੇ ਹੈੱਡ ਗ੍ਰੰਥੀ ਹਨ? ਲੜਕੀ ਪੈਦਾ ਹੋਣ 'ਤੇ ਕਿੰਨਿਆਂ ਸਿੱਖਾਂ ਨੇ ਲੱਡੂ ਵੰਡੇ ਸਨ ਜਾਂ ਹਨ ਅਤੇ ਅਤੇ ਪਾਰਟੀਆਂ ਕੀਤੀਆਂ ਹਨ। ਸਿੱਖਾਂ ਦੇ ਰਾਜੇ ਰਣਜੀਤ ਸਿੰਘ ਦੀਆਂ ਕਹਿੰਦੇ 13 ਰਾਣੀਆਂ ਸਨ ਅਤੇ ਪਟਿਆਲੇ ਵਾਲੇ ਭੁਪਿੰਦਰ ਸਿੰਘ ਮਹਾਰਾਜੇ ਦੀਆਂ ਤਸੀਂ ਮੈਨੂੰ ਆਪ ਦੱਸੋ ਕਿੰਨੀਆਂ ਸਨ? ਇਹ ਦੋਵੇਂ ਧਾਰਮਿਕ ਸਿੱਖ ਸਨ..."

ਭਾਵੇਂ ਮਲਹੋਤਰਾ ਸਾਹਿਬ ਦੇ ਦਾਅਵਾ ਤਾਂ ਇਹ ਕੀਤਾ ਹੈ ਕਿ ਉਹਨਾਂ ਦਾ ਕਿਸੇ ਧਰਮ ਵਿਚ ਵਿਸ਼ਵਾਸ਼ ਨਹੀਂ ਪਰ ਸਮਾਜੀ ਮਸਲਿਆਂ ਨੂੰ ਵਿਚਾਰਨ ਸਮੇਂ ਉਨ੍ਹਾਂ ਦੀ ਪਹੁੰਚ ਕਿਸੇ ਵੀ ਧਾਰਮਿਕ ਬਿਰਤੀ ਵਾਲੇ ਵਿਅਕਤੀ ਤੋਂ ਵੱਖਰੀ ਨਹੀਂ ਹੈ। ਸਿਰਫ਼ ਧਾਰਮਕ ਬਿਰਤੀਆਂ ਵਾਲੇ ਲੋਕ ਹੀ ਇਹ ਦਾਅਵਾ ਜਾਂ ਮੰਗ ਕਰ ਸਕਦੇ ਹਨ ਕਿ ਧਰਮ ਇਤਿਹਾਸਕ ਸੀਮਤਾਈਆਂ ਤੋਂ ਉਪਰ ਹੋਵੇ। ਸਮਾਜਕ ਵਿਗਿਆਨੀਆਂ ਦੀ ਪਹੁੰਚ ਧਾਰਮਕ ਬਿਰਤੀਆਂ ਵਾਲੇ ਵਿਅਕਤੀਆਂ ਤੋਂ ਬਿਲਕੁਲ ਵੱਖਰੀ ਹੁੰਦੀ ਹੈ। ਉਹ ਹਰ ਵਰਤਾਰੇ ਨੂੰ ਸਮੇਂ ਅਤੇ ਸਥਾਨ ਦੇ ਸੰਦਰਭ ਵਿਚ ਹੀ ਰੱਖ ਕੇ ਵਿਚਾਰਦੇ ਹੁੰਦੇ ਹਨ। ਇਥੇ ਈਸਾਈ ਮੱਤ ਦੀ ਮਿਸਾਲ ਲਈ ਜਾ ਸਕਦੀ ਹੈ। ਈਸਾਈ ਮੱਤ ਰੋਮ ਦੀ ਸਲਤਨਤ ਦੀਆਂ ਲੁਟੀਂਦੀਆਂ ਜਮਾਤਾਂ-ਗੁਲਾਮਾਂ ਅਤੇ ਲੰਪਨ ਪ੍ਰੋਲਤਾਰੀ ਦੀਆਂ ਸਧਰਾਂ ਨੂੰ, ਉਹਨਾਂ ਦੇ ਰੋਸ ਨੂੰ ਮੂਰਤੀਮਾਨ ਕਰਦਾ ਉਠਿਆ, ਕਰਿਸਟੋਫਰ ਕੌਡਵੈਲ ਦੇ ਅਨੁਸਾਰ ਉਠਦੇ ਵੇਲੇ ਇਹ ਇਨਕਲਾਬ ਦਾ ਮੰਜ਼੍ਹਬ ਸੀ। ਈਸਾਈ ਮੱਤ ਬਾਰੇ ਅਜਿਹੇ ਹੀ ਵਿਚਾਰ ਮਾਰਕਸ ਅਤੇ ਐਂਗਲਜ਼ ਦੇ ਹਨ। ਪਰ ਰੋਮਨ ਸ਼ਹਿਨ-ਸ਼ਾਹ ਕੋਨਸਟੈਨਟੀਨ ਤਕ ਇਸ ਦੀ ਜਮਾਤੀ ਕਾਇਆਂ ਪਲਟੀ ਹੋ ਚੁੱਕੀ ਸੀ ਅਤੇ ਉਹ ਗੁਲਾਮਾਂ ਦਾ ਹਿੱਤ ਤਿਆਗ ਕੇ ਗੁਲਾਮਦਾਰੀ ਸਟੇਟ ਦਾ ਵਿਚਾਰਧਾਰਕ ਅਡੰਬਰ ਤੇ ਰਾਖਾ ਬਣ ਚੁੱਕਾ ਸੀ। ਈਸਾਈ ਮੱਤ ਦੀ ਇਸ ਤੋਂ ਅਗਲੀ ਜਮਾਤੀ-ਕਾਇਆ-ਪਲਟੀ ਤਾਂ ਕਿਸੇ ਕੋਲੋਂ ਭੁਲੀ ਹੋਈ ਨਹੀਂ। ਜਦੋਂ ਯੂਰਪੀ ਸਮਾਜ ਗੁਲਾਮਦਾਰੀ ਵਿਚੋਂ ਨਿਕਲ ਕੇ ਜਗੀਰੂ ਬਣਿਆ ਤਾਂ ਚਰਚ ਜਰ ਤੇ ਜ਼ਮੀਨਾਂ ਦਾ ਵਿਸ਼ਾਲ ਪੈਮਾਨੇ ਉਤੇ ਮਾਲਕ ਬਣਕੇ ਜਗੀਰੂ ਵਿਚਾਰਧਾਰਕ ਅਡੰਬਰ ਤੋਂ ਇਲਾਵਾ ਸਮਾਜ ਵਿਚ ਵੱਡਾ ਜਗੀਰਦਾਰ ਆਪ ਬਣ ਬੈਠਾ।

ਇਹੀ ਹਾਲ ਇਸਲਾਮ ਦਾ ਹੈ। ਇਸਲਾਮ ਅਰਬ ਦੇ ਡੰਗਰ-ਮਾਲ ਸੈਮਿਟਿਕ ਕੁਨਬਿਆਂ ਦੀ ਚੜ੍ਹਤ ਦੀ ਅਵਾਜ਼ ਬਣ ਕੇ ਅੱਗ ਦੇ ਭੰਮੂਕੇ ਵਾਂਗ ਉਠਿਆ ਅਤੇ ਆਲੇ ਦੁਆਲੇ ਦੀਆਂ ਸਲਤਨਤਾਂ ਵਿਚ ਉਥੋਂ ਦੀਆਂ ਲੁਟੀਂਦੀਆਂ ਜਮਾਤਾਂ ਦੀ ਬੰਦ ਖਲਾਸੀ ਦੀ ਉਮੀਦ ਬਣ ਕੇ ਉਥੇ ਪਹੁੰਚਿਆ। ਉਹਨਾਂ ਸਲਤਨਤਾਂ ਦੀਆਂ ਸਟੇਟਾਂ ਅਤੇ ਹਾਕਮ ਜਮਾਤਾਂ ਇਸ ਦੇ ਹੜ੍ਹ ਅੱਗੇ ਕੱਖ ਦਿਆਂ ਘੋੜਿਆਂ ਵਾਂਗ ਡਿਗੀਆਂ ਪਰ ਮਗਰੋਂ ਇਸਲਾਮ ਜਗੀਰੂ ਨਿਜ਼ਾਮ ਦੀਆਂ ਸਲਤਨਤਾਂ ਦਾ ਵਿਚਾਰਧਾਰਕ ਅਡੰਬਰ ਹੋ ਤੁਰਿਆ ਅਤੇ ਕਾਜ਼ੀ ਜਗੀਰੂ ਹਿੱਤਾਂ ਦਾ ਮਜ਼੍ਹਬੀ ਬੁਲਾਰਾ ਬਣਿਆ।

ਉਪਰ ਦਿਤੇ ਗਏ ਤੱਥਾਂ ਤੋਂ ਦੋ ਗੱਲਾਂ ਸ਼ਪਸ਼ਟ ਹੋ ਜਾਣੀਆਂ ਚਾਹੀਦੀਆਂ ਹਨ। ਪਹਿਲੀ ਇਹ ਕਿ ਜਮਾਤੀ ਸਮਾਜ ਦੇ ਸ਼ੁਰੂ ਤੋਂ ਹੀ ਦੱਬੀਆਂ ਹੋਈਆਂ ਜਮਾਤਾਂ ਆਪਣੀ ਆਜ਼ਾਦੀ ਵਾਸਤੇ ਹਾਕਮ ਜਮਾਤਾਂ ਦੇ ਵਿਰੁੱਧ ਇਨਕਲਾਬੀ ਤੌਰ 'ਤੇ ਉਠਦੀਆਂ ਆਈਆਂ ਹਨ ਅਤੇ ਪਹਿਲੇ ਦੌਰਾਂ ਅੰਦਰ ਬਹੁਤ ਵੇਰ ਉਹ ਆਪਣਾ ਇਨਕਲਾਬੀ ਹਿੱਤ ਇਨਕਲਾਬੀ ਧਰਮਾਂ ਰਾਹੀਂ

ਪ੍ਰਗਟ ਕਰਦੇ ਆਏ ਹਨ। ਦੂਸਰੇ ਇਹ ਕਿ ਉਹਨਾਂ ਇਤਿਹਾਸਕ ਦੌਰਾਂ ਅੰਦਰ ਚੂੰਕਿ ਪਦਾਰਥਕ ਹਾਲਤ ਜਮਾਤ ਰਹਿਤ ਸਮਾਜ ਦੀ ਸਥਾਪਤੀ ਵਾਸਤੇ ਰਾਹ ਨਹੀਂ ਸੀ ਦਿੰਦੀ ਇਸ ਵਾਸਤੇ ਜਿਹੜੀ ਵਿਚਾਰਧਾਰਾ ਜਾਂ ਜਿਹੜਾ ਧਰਮ ਵੀ ਲੋਕ-ਹਿੱਤੀ ਪੈਂਤੜੇ ਤੋਂ ਇਨਕਲਾਬੀ ਬਣ ਕੇ ਉਠਿਆ, ਸਮਾਜ ਦੀ ਇਨਕਲਾਬੀ ਦਸ਼ਾ ਦੇ ਅਲੋਪ ਹੋਣ ਕਾਰਨ ਉਹ ਅੰਤ ਹਾਕਮ ਜਮਾਤਾਂ ਦੇ ਵਹੇ ਚੜ੍ਹ ਕੇ ਉਨ੍ਹਾਂ ਦਾ ਹਿੱਤ ਹੀ ਪੂਰਨ ਲੱਗ ਪਿਆ।

ਜੋ ਕੁਝ ਈਸਾਈ ਮੱਤ ਜਾਂ ਇਸਲਾਮ ਨਾਲ ਵਾਪਰਿਆ, ਉਹੀ ਕੁਝ ਸਿੱਖ ਧਰਮ ਨਾਲ ਵਾਪਰਿਆ ਹੈ।

ਇਹ ਸਾਰਾ ਕੁਝ ਕਹਿਣ ਦਾ ਮਤਲਬ ਇਹ ਹੈ ਕਿ ਕਿਸੇ ਧਰਮ ਦੇ ਨਿਘਾਰ ਵਾਲੇ ਦੌਰ 'ਦੇ ਸਮੇਂ ਦੀਆਂ ਕੁਝ ਮਿਸਲਾਂ ਚੁੱਕ ਕੇ ਧਰਮ ਦੇ ਸਮੁੱਚੇ ਰੋਲ 'ਤੇ ਹੀ ਲੀਕ ਫੇਰ ਦੇਣੀ, ਜਿਵੇਂ ਕਿ ਮਲਹੋਤਰਾ ਸਾਹਿਬ ਨੇ ਕੀਤਾ ਹੈ, ਵਿਗਿਆਨਕ ਪਹੁੰਚ ਨਹੀਂ।

ਚੋਟੀ ਦੇ ਸਿੱਖ ਤੇ ਮਾਰਕਸੀ ਵਿਦਵਾਨਾਂ ਅਤੇ ਮੌਜੂਦਾ ਖਾੜਕੂ ਆਗੂਆਂ ਦੀ ਸਮਝ ਅਨੁਸਾਰ, ਸਿੱਖ ਧਰਮ ਅੰਦਰ ਨਿਘਾਰ ਦਾ ਸਮਾਂ ਮਿਸਲਾਂ ਦੇ ਰਾਜ ਦੀ ਸਥਾਪਤੀ ਨਾਲ ਹੀ ਸ਼ੁਰੂ ਹੋ ਗਿਆ ਸੀ। ਰਣਜੀਤ ਸਿੰਘ ਦੀ ਸ਼ਰਾਬਨੋਸ਼ੀ ਅਤੇ ਜ਼ਨਾਨੀਬਾਜ਼ੀ ਬਾਰੇ ਗੱਲ ਤਾਂ ਘੋੜ-ਚੜ੍ਹੀ ਗੱਲ ਹੈ। ਹੋਲੀ ਦੇ ਦਿਨਾਂ ਵਿਚ ਸ਼ਰਾਬ ਵਿਚ ਮਸਤ ਰਣਜੀਤ ਸਿੰਘ ਮੋਰਾਂ ਨਾਂ ਦੀ ਇਕ ਔਰਤ ਨੂੰ ਹਾਥੀ ਉਤੇ ਬਿਠਾ ਕੇ ਜਲੂਸ ਕੱਢਿਆ ਕਰਦਾ ਸੀ। ਪੰਜਾਬ, ਈਰਾਨ ਅਤੇ ਕਸ਼ਮੀਰ ਵਿਚੋਂ ਚੋਣਵੀਆਂ ਡੇਢ ਸੌ ਹੁਸੀਨਾਂ ਦਾ ਇਕ ਰਿਸਾਲਾ ਬਣਾਇਆ ਹੋਇਆ ਸੀ ਜੋ ਉਸਦੇ ਦਿਲ-ਬਹਿਲਾਵੇ ਲਈ ਘੋੜ ਸਵਾਰੀ ਦੀ ਨੁਮਾਇਸ਼ ਕਰਦੀਆਂ ਸਨ। ਇਹਨਾਂ ਵਿਚੋਂ ਕਈਆਂ ਦੇ ਨਾਂ ਪਿੰਡ ਜਗੀਰ ਵਜੋਂ ਲਗੇ ਹੋਏ ਸਨ ਰਣਜੀਤ ਸਿੰਘ ਮੇਵੇ ਆਦਿ ਪਾ ਕੇ ਖਾਸ ਕਢੀ ਇਕ ਸ਼ਰਾਬ ਪੀਂਦਾ ਸੀ। ਮਹਿਫਲ ਜਿਸ ਵੇਲੇ ਕਈ ਨਾਚੀਆਂ ਹਾਜ਼ਰ ਹੁੰਦੀਆਂ ਸਨ, ਜਿਹਨਾਂ ਨੂੰ ਸ਼ਰਾਬ ਪੀ ਕੇ ਮਸਤ ਹੋ ਜਾਣ ਤਕ ਮਜਬੂਰ ਕੀਤਾ ਜਾਂਦਾ ਸੀ, ਅਜਿਹੇ ਮੌਕਿਆਂ 'ਤੇ ਹਰ ਕਿਸਮ ਦੀ ਬਦਕਾਰੀ ਹੁੰਦੀ ਸੀ। ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਸਦੀਆਂ ਕਈ ਰਾਣੀਆਂ ਸਤੀ ਹੋ ਗਈਆਂ ਸਨ। (ਰਣਜੀਤ ਸਿੰਘ ਦੀ ਨਿੱਜੀ ਜ਼ਿੰਦਗੀ ਦੇ ਨਿਘਾਰ ਬਿਆਨਣ ਦਾ ਇਹ ਅਰਥ ਨਹੀਂ ਲਿਆ ਜਾਣਾ ਚਾਹੀਦਾ ਕਿ ਅਸੀਂ ਦੂਸਰੇ ਹੋਰਨਾਂ ਖੇਤਰਾਂ ਅੰਦਰ ਉਸ ਦੀ ਇਤਿਹਾਸਕ ਦੇਣ ਨੂੰ ਖੋਰ ਰਹੇ ਹਾਂ। ਇਸ ਦੇ ਨਾਲ ਹੀ ਜੁੜਵਾਂ ਸਵਾਲ ਇਹ ਵੀ ਹੈ ਕਿ ਰਣਜੀਤ ਸਿੰਘ ਸਿੱਖਾਂ ਦਾ ਮਹਾਰਾਜ ਸੀ ਜਾਂ ਪੰਜਾਬੀਆਂ ਦਾ? ਇਹ ਸਵਾਲ ਵੱਖਰੇ ਤੌਰ ਤੇ ਵਿਚਾਰਨ ਵਾਲੇ ਹਨ।)

ਰਣਜੀਤ ਸਿੰਘ ਜਾਂ ਭੁਪਿੰਦਰ ਸਿੰਘ ਦੀਆਂ ਅਜਿਹੀਆਂ ਕਾਰਵਾਈਆਂ ਲਈ ਸਿੱਖ ਗੁਰੂਆਂ ਜਾਂ ਸਿੱਖ ਧਰਮ ਨੂੰ ਜ਼ੁੰਮੇਵਾਰ ਠਹਿਰਾਉਣ ਦੀ ਮਲਹੋਤਰਾ ਸਾਹਿਬ ਵਰਗੀ ਪਹੁੰਚ ਨੂੰ ਕਿਸੇ ਵੀ ਤਰ੍ਹਾਂ ਵਿਗਿਆਨਕ ਪਹੁੰਚ ਨਹੀਂ ਕਿਹਾ ਜਾ ਸਕਦਾ। ਅਜਿਹੀ ਪਹੁੰਚ ਅਨੁਸਾਰ ਚਲਦਾ ਹੋਇਆ ਕੋਈ ਵਿਅਕਤੀ ਪੰਜਾਬ ਅੰਦਰ ਸੀ. ਪੀ. ਆਈ., ਸੀ. ਪੀ. ਐਮ., ਸੁਰਖ ਰੇਖਾ ਜਾਂ ਨਾਗੀ ਰੈਡੀ ਗਰੁੱਪ ਦੀਆਂ ਸਰਕਾਰ ਭਗਤ ਕਾਰਵਾਈਆਂ ਨੂੰ ਦੇਖ ਕੇ ਤਾਂ ਮਾਰਕਸਵਾਦ-ਲੈਨਿਨਵਾਦ-ਮਾਓ ਵਿਚਾਰ-ਧਾਰਾ ਤੇ ਲਕੀਰ ਫੇਰ ਸਕਦਾ ਹੈ।

ਇਥੇ ਇਕ ਗੱਲ ਨੋਟ ਕਰਨ ਵਾਲੀ ਹੈ ਕਿ ਹਰ ਧਰਮ ਨੇ ਆਪਣੇ ਇਨਕਲਾਬੀ ਦੌਰ ਸਮੇਂ ਹਰ ਮਸਲੇ ਤੇ ਇਨਕਲਾਬੀ ਸਟੈਂਡ ਨਹੀਂ ਲਿਆ। ਬਹਿਸ ਅਧੀਨ ਵਿਸ਼ਾ ਔਰਤਾਂ ਦਾ ਮਸਲਾ ਲੈਂਦੇ ਹਾਂ। ਬ੍ਰਾਹਮਣੀ ਸਮਾਜ ਨੇ ਜੋ ਨੀਵਾਂ ਦਰਜਾ ਔਰਤ ਨੂੰ ਦਿਤਾ ਹੋਇਆ ਸੀ, ਉਸ ਬਾਰੇ ਕੋਈ ਹੋਰ ਟਿੱਪਣੀ ਕਰਨ ਦੀ ਜ਼ਰੂਰਤ ਨਹੀਂ ਜਾਪਦੀ। ਦਿਗੰਬਰ ਜੈਨਮੱਤ ਦਾ ਵਿਸ਼ਵਾਸ਼ ਸੀ ਅੰਤਮ ਤੌਰ ਤੇ ਮੁਕਤੀ ਹਾਸਲ ਕਰਨ ਲਈ ਇਸਤਰੀ ਨੂੰ ਮਰਦ ਦੇ ਰੂਪ ਵਿਚ ਜਨਮ ਲੈਣਾ ਲਾਜ਼ਮੀ ਹੈ। ਬੁੱਧ ਮੱਤ ਨੇ ਵਿਚਾਰ ਪੇਸ਼ ਕੀਤਾ ਕਿ ਜੇ ਕੋਈ ਇਸਤਰੀ ਡੁਬਦੀ ਹੋਵੇ, ਕੋਈ ਵੀ ਭਿਖਸ਼ੂ ਉਸ ਨੂੰ ਬਚਾਉਣ ਲਈ ਹੱਥ ਨਹੀਂ ਵਧਾਏਗਾ, ਭਾਵੇਂ ਉਸਦੀ ਆਪਣੀ ਮਾਂ ਜਾਂ ਪਤਨੀ ਹੀ ਕਿਉਂ ਨਾ ਹੋਵੇ। ਸੰਨ 1979 ਵਿਚ ਪੋਪ ਨੇ ਐਲਾਨ ਕੀਤਾ ਕਿ ਇਸਾਈ ਪਰੰਪਰਾ ਨੇ ਇਸਤਰੀ ਨੂੰ ਮਿਸ਼ਨਰੀ ਮੰਨਿਆ ਹੋਇਆ ਹੈ। ਇਸਲਾਮ ਦਾ ਇਸਤ੍ਰੀ ਵਿਰੋਧੀ ਰਵੱਈਆ ਜਾਣਿਆ ਪਛਾਣਿਆ ਹੈ। ਫਰਾਂਸੀਸੀ ਇਨਕਲਾਬ ਨੇ ਸ਼ੁਰੂ ਤੋਂ ਵੋਟ ਦੇ ਅਧਿਕਾਰ ਤੋਂ ਇਸਤ੍ਰੀ ਨੂੰ ਵਾਂਝਿਆ ਰੱਖਿਆ। ਸਿੱਖ ਧਰਮ ਦੇ ਪਰਚਾਰ ਵਾਸਤੇ ਗੁਰੂ ਅਮਰਦਾਸ ਜੀ ਨੇ ਜਦੋਂ ਮੰਜੀਆਂ ਕਾਇਮ ਕੀਤੀਆਂ ਤਾਂ ਉਹਨਾਂ ਵਿਚੋਂ ਆਦਮੀਆਂ ਦੇ ਵਾਂਗ ਇਸਤਰੀਆਂ ਨੂੰ ਵੀ ਕੁਝ ਮੰਜੀਆਂ ਦਾ ਇੰਚਾਰਜ ਬਣਾਇਆ ਗਿਆ। ਮਾਈ ਭਾਗੋ ਨੇ ਉਹਨਾਂ ਬੇਦਾਵਿਆਂ ਨੂੰ ਇਕੱਠਾ ਕੀਤਾ ਜਿਹੜੇ ਇਨਕਲਾਬ ਤੋਂ ਮੂੰਹ ਮੋੜ ਗਏ ਸਨ ਅਤੇ ਖਿਦਰਾਣਾ (ਮੁਕਤਸਰ) ਦੀ ਲੜਾਈ ਵਿਚ ਉਹਨਾਂ ਨੂੰ ਨਾਲ ਲੈ ਕੇ ਲੜੀ ਅਤੇ ਅਗਵਾਈ ਕੀਤੀ। ਇਸਲਾਮੀ ਸ਼ਰੀਅਤ ਇਸਤਰੀਆਂ ਦੇ ਹੱਥ ਹਕੂਮਤ ਦੇਣ ਦੀ ਮਨਾਹੀ ਕਰਦੀ ਹੈ ਪਰ ਇਸ ਦੇ ਉਲਟ ਇਨਕਲਾਬੀ

ਦੌਰ ਤੋਂ ਬਾਅਦ ਵੀ ਕਈ ਸਿੱਖ ਔਰਤਾਂ (ਸਾਹਿਬ ਕੌਰ, ਸਦਾ ਕੌਰ) ਆਦਿ ਹਕੂਮਤ ਕਰਦੀਆਂ ਰਹੀਆਂ ।

ਸਿੱਖ ਗੁਰੂਆਂ ਦੀ ਔਰਤ ਦੇ ਮਸਲੇ ਬਾਰੇ ਪੁਜ਼ੀਸ਼ਨ ਨੂੰ ਸਪਸ਼ਟ ਕਰਨ ਲਈ ਜੇ ਸਾਰੇ ਹਵਾਲੇ ਦਿੱਤੇ ਜਾਣ ਤਾਂ ਲੇਖ ਬਹੁਤਾ ਲੰਮਾ ਹੋ ਜਾਵੇਗਾ । ਪਾਠਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਨ ਤੋਂ ਪਹਿਲਾਂ, ਉਸ ਸਮੇਂ ਦੇ ਪ੍ਰਚਲਤ ਬਰਾਹਮਣੀ ਵਿਚਾਰਾਂ ਦਾ ਅਧਿਐਨ ਵੀ ਕਰਨਾ ਚਾਹੀਦਾ ਹੈ । ਔਰਤ ਵਿਰੋਧੀ ਬ੍ਰਾਹਮਣੀ ਵਿਚਾਰਾਂ ਦੇ ਸਦੰਰਭ ਵਿਚ ਹੀ ਗੁਰੂਆਂ ਦੀ ਦੇਣ ਬਾਰੇ ਸਮਝਿਆ ਜਾ ਸਕਦਾ ਹੈ। ਇਥੇ ਸਿਰਫ਼ ਸੰਖੇਪ ਵਿਚ ਹੀ ਕੁਝ ਤੱਥ ਬਿਆਨੇ ਜਾ ਰਹੇ ਹਨ। ਬਰਾਹਮਣਵਾਦ ਨੂੰ ਵੰਗਾਰਦਿਆਂ ਗੁਰੂ ਨਾਨਕ ਦੇਵ ਜੀ ਨੇ ਕਿਹਾ "ਸੋ ਕਿਉਂ ਮੰਦਾ ਆਖੀਐ ਜਿਤ ਜੰਮੇ ਰਾਜਾਨ । ਗੁਰੂ ਅਮਰਦਾਸ ਜੀ ਨੇ ਪਰਦੇ ਤੇ ਸਤੀ ਦੀ ਰਸਮ ਖਤਮ ਕਰ ਦਿੱਤੀ ਅਤੇ ਔਰਤਾਂ ਨੂੰ ਪ੍ਰਚਾਰਕ (ਜਿਸਨੂੰ ਮਲਹੋਤਰਾ ਸਾਹਿਬ ਗ੍ਰੰਥੀਂ ਹੈਡ ਗਰੰਥੀ ਜਾਂ ਭਾਈਪੁਣਾ ਕਹਿੰਦੇ ਹਨ) ਨਿਯੁਕਤ ਕੀਤਾ। ਸਿੱਖਾਂ ਦੇ ਇਕ ਸਮੇਂ ਦੇ ਸਭ ਤੋਂ ਮੁੱਖੀ ਲੀਡਰ ਜੱਸਾ ਸਿੰਘ ਆਹਲੂਵਾਲੀਆਂ ਦੀ ਮਾਤਾ ਦੀਵਾਨਾਂ ਵਿਚ ਕੀਰਤਨ ਕਰਦੀ ਹੁੰਦੀ ਸੀ । ਸੁੱਖਾ ਸਿੰਘ, ਜੋ ਪਿਛੋਂ ਛੋਟੇ ਘਲੂਘਾਰੇ ਵਿਚ ਪ੍ਰਮੁੱਖ ਕਮਾਂਡਰ ਸੀ, ਸਿੱਖ ਭਾਈਚਾਰੇ ਵਿਚੋਂ ਇਕ ਸਮੇਂ ਏਸ ਲਈ ਛੇਕਿਆ ਗਿਆ, ਕਿਉਂਕਿ ਸ਼ੱਕ ਸੀ ਕਿ ਉਹਨਾਂ ਨੇ ਜਾਂ ਉਹਨਾਂ ਦੀ ਪਤਨੀ ਨੇ ਕੰਨਿਆ ਹੱਤਿਆਂ ਕਰਕੇ ਸਿੱਖਾਂ ਦੀ ਰਵਾਇਤ ਨੂੰ ਧੱਕਾ ਲਾਇਆ ਹੈ । (ਰਤਨ ਸਿੰਘ ਭੰਗੂ, ਸਫਾ 250) ਇਸਤਰੀਆਂ ਦਾ ਜੋ ਉਚਾ ਦਰਜਾ ਸਿੱਖ ਧਰਮ ਨੇ ਕੀਤਾ ਉਸਦਾ ਇਸ ਗੱਲ ਤੋਂ ਵੀ ਪਤਾ ਲੱਗ ਸਕਦਾ ਹੈ ਕਿ ਇਸਤਰੀਆਂ ਨੇ ਮਰਦਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਇਨਕਲਾਬੀ ਜਦੋਂ ਜਹਿਦ ਵਿਚ ਹਿੱਸਾ ਲਿਆ। ਮਾਈ ਭਾਗੋ ਦਾ ਪਹਿਲਾਂ ਹੀ ਜ਼ਿਕਰ ਕੀਤਾ ਜਾ ਚੁੱਕਾ ਹੈ । ਗੁਰੀਲਾ ਲੜਾਈ ਦੇ ਸਮੇਂ ਸਿੱਖ ਔਰਤਾਂ ਨੂੰ ਕੈਦ ਕਰ ਲਿਆ ਜਾਂਦਾ ਤੇ ਉਹਨਾਂ ਤੋਂ ਮੁਸ਼ੱਕਤ ਕਰਾਈ ਜਾਂਦੀ ਪਰ ਉਹ ਵਹਿਸ਼ੀ ਤੋਂ ਵਹਿਸ਼ੀ ਜਬਰ ਸਾਹਮਣੇ ਵੀ ਆਪਣੇ ਸਿਦਕ ਤੋਂ ਨਾ ਡੋਲੀਆਂ । ਉਹਨਾਂ ਦੀ ਕਰਨੀ ਨੂੰ ਸਿੱਖ ਅੱਜ ਵੀ ਹਰ ਰੋਜ਼ ਸੁਬ੍ਹਾ ਸ਼ਾਮ ਅਰਦਾਸ ਦੇ ਸਮੇਂ ਯਾਦ ਕਰਦੇ ਹਨ । ਗੁਰਬਖਸ਼ ਸਿੰਘ ਦੀ ਪਤਨੀ ਸਦਾ ਕੌਰ ਨੇ ਕਈ ਲੜਾਈਆਂ ਵਿਚ ਫੌਜਾਂ ਦੀ ਅਗਵਾਈ ਵੀ ਕੀਤੀ । ਅਹਿਮਦ ਸ਼ਾਹ ਬਟਾਲਵੀ ਨੇ ਆਪਣੀ ਕਿਤਾਬ 'ਤਾਰੀਖੇ-ਪੰਜਾਬ' ਵਿਚ ਸਦਾ ਕੌਰ ਤੋਂ ਬਿਨਾਂ ਹੋਰ ਵੀ ਮਿਸਾਲਾਂ ਦਿੱਤੀਆਂ ਹਨ-- ਜਿਥੇ ਸਿਆਸੀ ਅਤੇ ਫੌਜੀ ਕਾਰਵਾਈਆਂ ਵਿਚ ਇਸਤਰੀਆਂ ਨੇ ਉਘਾ ਹਿੱਸਾ ਲਿਆ । ਅੰਬਾਲੇ ਦੇ ਨੇੜੇ ਲੜਾਈ ਦੇ ਮੈਦਾਨ ਵਿਚ ਜਦੋਂ ਮਰਹੱਟਿਆਂ ਨੇ ਸਿੱਖ ਫੌਜਾਂ ਨੂੰ ਪਿਛਾਂਹ ਧੱਕ ਦਿੱਤਾ ਤਾਂ ਸਾਹਿਬ ਕੌਰ ਨੇ ਨੰਗੀ ਤਲਵਾਰ ਸੂਤ ਕੇ ਦੁਸ਼ਮਣ ਨੂੰ ਭਜਾਉਣ ਵਾਸਤੇ ਫੌਜ ਦੀ ਅਗਵਾਈ ਕੀਤੀ। ਜਾਰਜ ਥਾਮਸ ਆਪਣੀਆਂ ਯਾਦਾਂ (ਪੰਨਾ 75) ਵਿਚ ਲਿਖਦਾ ਹੈ "ਇਹੋ ਜਿਹੀਆਂ ਮਿਸਾਲਾਂ ਆਮ ਮਿਲਦੀਆਂ ਹਨ ਜਿਥੇ ਉਹਨਾਂ (ਸਿੱਖ ਇਸਤਰੀਆਂ) ਨੇ ਦੁਸ਼ਮਣਾਂ ਤੋਂ ਆਪਣੇ ਘਰਾਂ ਦੀ ਰਾਖੀ ਕਰਨ ਲਈ ਹਥਿਆਰਬੰਦ ਮੁਕਾਬਲਾ ਕੀਤਾ। ਉਹ ਲੜਾਈ ਵਿੱਚ ਲਗਾਤਾਰ ਬਹੁਤ ਸ਼ਲਾਘਾਯੋਗ ਹੌਂਸਲੇ ਦਾ ਸਬੂਤ ਦੇਂਦੀਆਂ ਰਹੀਆਂ ।

ਔਰਤ ਭਾਵੇਂ ਮਰਦ (ਮਿਹਨਤਕਸ਼ ਤਬਕੇ ਦਾ ਮਰਦ) ਜਦੋਂ ਜਮਾਤੀ ਸਮਾਜ ਕਾਬਜ਼ ਹੋਵੇ, ਉਸ ਵਾਸਤੇ ਅਜ਼ਾਦੀ ਦਾ ਰਾਹ ਇਕ ਹੀ ਹੁੰਦਾ ਹੈ ਤੇ ਉਹ ਹੁੰਦਾ ਹੈ ਕਾਬਜ਼ ਨਿਜ਼ਾਮ ਦੀ ਵਿਰੋਧੀ ਇਨਕਲਾਬੀ ਚੇਤਨਤਾ ਵਰਨੀ ਅਤੇ ਉਸ ਚੇਤਨਤਾ ਨੂੰ ਜ਼ਿੰਦਗੀ ਦੇ ਹਰ ਮੁਹਾਜ਼ 'ਤੇ ਅਮਲੀ ਜਾਮਾ ਪਹਿਨਾਉਣਾ। ਇਨ-ਕਲਾਬੀ ਬਣਕੇ ਜ਼ਿੰਦਗੀ ਦੇ ਹਰ ਮੁਹਾਜ਼ ਉਤੇ ਇਨਕਲਾਬ ਲਿਆਉਣ ਦੇ ਵੇਗ ਵਿਚ ਤਨੋਂ ਮਨੋਂ ਪੈਣਾਂ। ਸਿੱਖ ਗੁਰੂਆਂ ਨੇ ਮੇਹਨਤਕਸ਼ ਅਤੇ ਦਲਿਤ ਵਰਗ ਦੇ ਮਰਦ ਦੇ ਨਾਲ ਔਰਤ ਨੂੰ ਵੀ ਅਜ਼ਾਦੀ ਦੇ ਇਸ ਗਾਡੀ ਰਾਹ ਪਾਇਆ। ਉਪਰ ਦਿੱਤੀਆਂ ਗਈਆਂ ਕੁਝ ਕੁ ਮਿਸਾਲਾਂ ਇਸਨੂੰ ਸੁਪਸ਼ਟ ਕਰਦੀਆਂ ਹਨ । ਕਮਿਊਨਿਜ਼ਮ ਤੋਂ ਪਹਿਲਾਂ ਔਰਤ ਦੀ ਅਜ਼ਾਦੀ ਵਾਸਤੇ ਭਲਾ ਇਸ ਤੋਂ ਵੱਧ ਹੋਰ ਕੀ ਮੁਮਕਿਨ ਹੋ ਸਕਦਾ ਹੈ ? ਮਾਰਕਸ ਲੈਨਿਨ ਅਤੇ ਮਾਓ ਵਰਗੇ ਪ੍ਰੋਲੇਤਾਰੀਏ ਦੇ ਰਹਿਬਰ ਵੀ ਜਮਾਤੀ ਸਮਾਜ ਵਿਚ ਔਰਤ ਦੀ ਅਜ਼ਾਦੀ ਦਾ ਇਹੋ ਹੀ ਪੈਮਾਨਾ ਮਿੱਥਦੇ ਹਨ।

**ਵਿਆਹ-ਸ਼ਾਦੀਆਂ ਅਤੇ ਲਾਵਾਂ ਦਾ ਮਸਲਾ :-**

ਅਸਲ ਵਿਚ ਵਿਆਹ ਸ਼ਾਦੀਆਂ ਦਾ ਮਸਲਾ ਹੈ ਕੀ ? ਇਸਤਰੀ-ਮਰਦ ਦਾ ਆਪਸ ਵਿਚ ਰਿਸ਼ਤਾ। ਇਸ ਰਿਸ਼ਤੇ ਵਿਚ ਇਨਕਲਾਬੀ ਪ੍ਰਾਪਤੀ ਦਾ ਨਿਸ਼ਾਨਾ ਕੀ ਹੈ ? ਇਸਤਰੀ ਦੀ ਅਜ਼ਾਦੀ । ਜਮਾਤੀ ਸਮਾਜ ਵਿਚ ਔਰਤ ਦੋਹਰੀ ਗੁਲਾਮ ਹੈ। ਜਮਾਤੀ ਸਮਾਜ ਵਿਚ ਔਰਤ ਦੀ ਗੁਲਾਮੀ ਦੀ ਦਸ਼ਾ ਵਿਚ ਇਸਤਰੀ-ਮਰਦ ਦੇ ਰਿਸ਼ਤੇ ਦਾ ਮੂਲ ਕੀ ਹੈ 'ਰੰਨਾ ਹੋਈਆਂ ਬੋਧੀਆਂ, ਪੁਰਸ਼ ਹੋਏ ਸਈਆਦ' ਰਿਸ਼ਤੇ ਦੇ ਅਜਿਹੇ ਮੂਲ ਨੂੰ ਸਿੱਖ ਗੁਰੂ ਕਿਥੇ ਲਿਜਾਣਾ ਚਾਹੁੰਦੇ ਹਨ 'ਧਨ ਪਿਰੁ ਏਹਿ ਨ ਆਖੀਅਨਿ ਜੋ ਬਹਿਨ ਇਕੱਠੇ ਹੋਇ। ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ

ਸੋਇ"। ਗੁਰੂ ਸਾਹਿਬਾਨ ਵੱਲੋਂ ਇਸਤਰੀ-ਮਰਦ ਦੇ ਰਿਸ਼ਤੇ ਦੇ ਸਬੰਧ ਵਿਚ ਮਿੱਥੇ ਗਏ ਇਸ ਨਿਸ਼ਾਨੇ ਨੂੰ ਲਾਂਭੇ ਛੱਡਕੇ ਜੇ ਕੋਈ ਸਿਰਫ ਲਾਵਾਂ-ਫੇਰਿਆਂ ਸਮੇਂ ਮੁੰਡੇ ਦੇ ਮੂਹਰੇ ਅਤੇ ਕੁੜੀ ਦੇ ਪਿਛੇ ਲੱਗਣ ਵਾਲੀ ਸਿੱਖ, ਭਾਈਚਾਰੇ ਅੰਦਰਲੀ ਪ੍ਰਚੱਲਤ ਰੀਤ ਨੂੰ ਸਭ ਕੁਝ ਬਣਾ ਧਰਦਾ ਹੈ ਤਾਂ ਇਹ ਤੱਤ ਨੂੰ ਵਿਸਾਰ ਕੇ ਰੂਪ ਵਿਚ ਉਲਝਣ ਅਤੇ ਹੋਰਾਂ ਨੂੰ ਉਲਝਾਉਣ ਤੋਂ ਵੱਧ ਹੋਰ ਕੁਝ ਨਹੀਂ ਹੈ। ਜੇ ਔਰਤ-ਮਰਦ ਦਾ ਰਿਸ਼ਤਾ 'ਰੰਨਾਂ ਹੋਈਆਂ ਬੋਧੀਆਂ..." ਹੀ ਰਹਿੰਦਾ ਹੈ, ਤਾਂ ਲਾਵਾਂ-ਫੇਰਿਆਂ ਸਮੇਂ ਭਾਵੇਂ ਔਰਤਾਂ ਵੀ ਮੂਹਰ ਕਿਉਂ ਨਾਂ ਲੱਗਣ ਲੱਗ ਪੈਣ ਇਸ ਨਾਲ ਔਰਤਾਂ ਦੀ ਅਜ਼ਾਦੀ ਦਾ ਮਸਲਾ ਕਿਸੇ ਤਰ੍ਹਾਂ ਵੀ ਹੱਲ ਨਹੀਂ ਹੋਣ ਲੱਗਾ। ਔਰਤਾਂ ਦੇ ਮਸਲੇ 'ਤੇ ਤੱਤ ਨੂੰ ਛੱਡਕੇ ਰੂਪ 'ਤੇ ਹੀ ਗੱਲ ਨੂੰ ਫੋਕਸ ਕਰਨਾ ਬੁਰਜੂਆ ਸੁਧਾਰਕਾ ਦਾ ਮਨ ਭਾਉਂਦਾ ਵਿਸ਼ਾ ਰਿਹਾ ਹੈ ਅਤੇ ਅੱਜ ਵੀ।

ਲਾਵਾ ਦੇ ਸੰਬੰਧ ਵਿੱਚ ਇਕ ਗੱਲ ਹੋਰ ਸਪਸ਼ਟ ਹੋ ਜਾਣੀ ਚਾਹੀਦੀ ਹੈ। ਗੁਰੂ ਸਾਹਿਬ ਨੇ ਕਦੀ ਵੀ ਨਹੀਂ ਕਿਹਾ ਕਿ ਲਾਵਾਂ ਸਮੇਂ ਸਿਰਫ ਮੁੰਡਾ ਹੀ ਅਗੇ ਰਹੇ। ਲਾਵਾਂ ਦੀ ਰਸਮ ਬਾਅਦ ਵੀ ਸਿੱਖਾਂ ਦੀ ਬਣਾਈ ਹੋਈ ਹੈ। ਅਸੀਂ ਮੱਲਹੋਤਰਾ ਸਾਹਿਬ ਨੂੰ ਯਕੀਨ ਦਿਵਾਉਂਦੇ ਹਾਂ ਕਿ ਜੇ ਲਾਵਾਂ ਸਮੇਂ ਕੁੜੀ ਮੂਹਰੇ ਵੀ ਲੱਗ ਜਾਵੇ ਤਾਂ ਵੀ ਗੁਰੂ ਸਾਹਿਬਾਨ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਅਤੇ ਜੇ ਕੋਈ ਵੀ ਮੂਹਰੇ ਨਾ ਲੱਗੇ ਬਰਾਬਰ ਤੇ ਤੁਰ ਕੇ ਵੀ ਲਾਵਾਂ ਲੈ ਲੈਣ ਤਾਂ ਵੀ ਗੁਰੂ ਸਾਹਿਬ ਨੂੰ ਕੋਈ ਇਤਰਾਜ਼ ਨਹੀਂ ਹੋਵੇਗੀ ਅਤੇ ਜੇ ਲਾਵਾਂ ਨਾ ਵੀ ਲੈਣ ਤਾਂ ਵੀ ਗੁਰੂ ਸਾਹਿਬ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

ਕੁੜੀ ਜੰਮਣ 'ਤੇ ਲੱਡੂ ਵੰਡਣ ਵਾਲੀ ਗੱਲ ਵੀ ਲਾਵਾਂ ਮੂਹਰੇ ਜਾਂ ਪਿਛੇ ਲੱਗਣ ਵਾਲੀ ਗੱਲ ਤੋਂ ਕੋਈ ਬਹੁਤੀ ਵੱਖਰੀ ਨਹੀਂ। ਅਸੀਂ ਅਜਿਹੇ ਕਿੰਨੇ ਹੀ ਪਾਖੰਡੀਆਂ ਦੇ ਕੇਸ ਗਿਣਵਾ ਸਕਦੇ ਹਾਂ ਜੋ ਕੁੜੀਆਂ ਜੰਮਣ 'ਤੇ ਲੱਡੂ ਜ਼ਰੂਰ ਵੰਡਦੇ ਦੇਖੇ ਹਨ ਪਰ ਅਸਲੀ ਜ਼ਿੰਦਗੀ ਵਿਚ ਉਹਨਾਂ ਦਾ ਵਿਚਾਰ ਕਿਸੇ ਵੀ ਦਕਿਆ-ਨੂਸੀ ਵਿਅਕਤੀ ਨਾਲੋਂ ਵੱਖਰਾ ਨਹੀਂ ਹੁੰਦਾ।

## ਸਿੱਖ ਗੁਰੂਆਂ ਦੇ ਵਿਆਹਾਂ ਬਾਰੇ।

ਮੱਲਹੋਤਰਾ ਸਾਹਿਬ ਵਲੋਂ ਬਿਆਨ ਕੀਤਾ ਗਿਆ ਇਹ ਤੱਥ ਬਿਲਕੁਲ ਠੀਕ ਹੈ ਕਿ ਕੁਝ ਸਿੱਖ ਗੁਰੂਆਂ ਦੇ ਇਕ-ਤੋਂ ਵੱਧ ਵਿਆਹ ਹੋਏ ਸਨ। ਸਿੱਖ ਗੁਰੂਆਂ ਦੀ ਜ਼ਿੰਦਗੀ ਨੂੰ ਘੋਖਿਆ ਕਿਸੇ ਨੂੰ ਔਰਤਾਂ ਦੇ ਮਸਲੇ 'ਤੇ ਕਈ ਹੋਰ ਗੱਲਾਂ ਵੀ ਮਿਲ ਸਕਦੀਆਂ ਹਨ ਜਿਨ੍ਹਾਂ ਨਾਲ ਉਹ ਸਹਿਮਤ ਨਾ ਹੋ ਸਕਦਾ ਹੋਵੇ। ਸਵਾਲ ਇਹ ਹੈ ਕਿ ਇਹਨਾਂ ਪ੍ਰਤੀ ਸਾਡੀ ਪਹੁੰਚ ਕੀ ਹੋਵੇ? ਇਕ ਧਾਰਮਿਕ ਵਿਅਕਤੀ ਵਾਲੀ ਜੋ ਇਹਨਾਂ ਗੱਲਾਂ ਨੂੰ ਸੁਣਕੇ ਚੌਂਕ ਪਵੇ ਜਾਂ ਇਕ ਵਿਗਿਆਨੀ ਵਾਲੀ? ਵਿਗਿਆਨੀ ਜਦੋਂ ਕਿਸੇ ਮਹਾਨ ਹਸਤੀ ਦੀ ਕਿਸੇ ਮਸਲੇ ਬਾਰੇ ਦੇਣ ਦੀ ਗੱਲ ਕਰਦਾ ਹੈ ਤਾਂ ਉਹ ਹਾਂ ਪੱਖੀ ਅਤੇ ਨਾਂਹ ਪੱਖੀ ਗੱਲਾਂ ਨੂੰ ਤੋਲ ਕੇ ਸਮੁੱਚੇ ਰੂਪ 'ਚ ਕਰਦਾ ਹੈ। ਜੇ ਮਲਹੋਤਰਾ ਸਾਹਿਬ ਜਾਂ ਕੋਈ ਹੋਰ ਵਿਅਕਤੀ ਸਮੁੱਚੇ ਰੂਪ ਵਿਚ ਗੱਲ ਕਰਦਿਆਂ ਇਹ ਪੁਜੀਸ਼ਨ ਲੈਂਦਾ ਹੈ ਕਿ ਸਿੱਖ ਗੁਰੂਆਂ ਦੀ ਦੇਣ ਨਾਂਹ-ਪੱਖੀ ਸੀ ਤਾਂ ਉਸ ਨਾਲ ਰੌਚਕ ਬਹਿਸ ਚਲ ਸਕਦੀ ਹੈ।

ਅੰਤ ਵਿਚ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਸਿੱਖ ਭਾਈਚਾਰੇ ਵਿਚ ਔਰਤ ਦੀ ਨੀਵੀਂ ਪੁਜੀਸ਼ਨ ਦਾ ਕਾਰਨ ਸਿੱਖ ਗੁਰੂਆਂ ਦੀ ਵਿਚਾਰਧਾਰਾ ਨਹੀਂ ਕੁਝ ਹੋਰ ਹੈ। ਹੋਰਨਾ ਧਾਰਮਿਕ ਤਬਕਿਆਂ ਦਾ ਕੇਸ ਹੋਰ ਹੈ। ਉਥੇ ਔਰਤ ਦੀ ਨੀਵੀਂ ਪੁਜੀਸ਼ਨ ਦੇ ਕਾਰਨ ਹੋਰਨਾ ਕਾਰਨਾਂ ਤੋਂ ਇਲਾਵਾ ਇਹ ਵੀ ਹੈ ਕਿ ਉਹਨਾਂ ਧਰਮਾਂ ਦੀ ਔਰਤ ਮਸਲੇ ਬਾਰੇ ਵਿਚ ਪੁਜੀਸ਼ਨ ਔਰਤ ਵਿਰੋਧੀ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਵੱਖ-ਵੱਖ ਸੰਤਾਂ, ਭਗਤਾਂ ਆਦਿ ਦੀ ਬਾਣੀ ਸ਼ਾਮਲ ਕਰਨ ਮੌਕੇ ਪੰਜਵੇਂ ਪਾਤਸ਼ਾਹ ਨੇ ਇਸ ਗੱਲ ਦਾ ਪੂਰਾ ਖਿਆਲ ਰੱਖਣ ਦੀ ਕੋਸ਼ਿਸ਼ ਕੀਤੀ ਸੀ ਕਿ ਕਿਸੇ ਸੰਤ ਜਾਂ ਭਗਤ ਦੇ ਔਰਤ ਵਿਰੋਧੀ ਵਿਚਾਰ ਨਾ ਸ਼ਾਮਲ ਹੋ ਜਾਣ। ਜਿਹਨਾਂ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦਰਜ ਹੈ ਉਹਨਾਂ ਵਿਚੋਂ ਕਈਆਂ ਦੇ ਔਰਤਾਂ ਬਾਰੇ ਵਿਚਾਰ ਠੀਕ ਨਹੀਂ ਸਨ। o

---

5 ਜੂਨ ਐਤਵਾਰ ਪਿੰਡ ਹੰਡਿਆਇਆ ਬਰਨਾਲਾ ਦੇ ਕੋਲ ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਵਲੋਂ ਸਾਥੀ ਪੱਡਾ ਤੇ ਪਾਸ਼ ਦੀ ਯਾਦ ਵਿਚ ਇਕ ਸ਼ਰਧਾਂਜਲੀ ਸਮਾਗਮ ਹੋ ਰਿਹਾ ਹੈ। ਦਿਨ ਦੇ 11 ਵਜੇ ਤੋਂ 4 ਵਜੇ ਦੁਪਹਿਰ ਤਕ ਪਰਚੇ ਪੜ੍ਹ ਜਾਣਗੇ ਅਤੇ ਨਾਲ ਹੀ ਇਨਕਲਾਬੀ ਕਵੀ ਦਰਬਾਰ ਹੋਵੇਗਾ। ਰਾਤ ਨੂੰ ਗੁਰਸ਼ਰਨ ਸਿੰਘ ਦੀ ਅਗਵਾਈ ਵਿਚ ਨਾਟਕ ਹੋਣਗੇ ਤੇ ਲੋਕ ਸੰਗੀਤ ਮੰਡਲੀ ਵਲੋਂ ਗੀਤ ਪੇਸ਼ ਕੀਤੇ ਜਾਣਗੇ। ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਅਤੇ ਇਨਕਲਾਬੀ ਕੇਂਦਰ ਵਲੋਂ **9—10 ਜੁਲਾਈ ਦੀ ਦਰਮਿਆਨੀ ਰਾਤ ਪੰਜਾਬੀ ਭਵਨ,** ਲੁਧਿਆਣਾ ਵਿਖੇ ਸਾਰੀ ਰਾਤ ਦਾ ਸਭਿਆਚਾਰਕ ਪ੍ਰੋਗਰਾਮ। ਇਹ ਪ੍ਰੋਗਰਾਮ ਸਾਥੀ ਪੱਡਾ ਅਤੇ ਪਾਸ਼ ਨੂੰ ਸਮਰਪਿਤ ਹੋਵੇਗਾ

# ਖਾਲਿਸਤਾਨ ਬਾਰੇ ਕੈਲੀਫੋਰਨੀਆ ਦੀ ਐਂਟੀ-47 ਜਥੇਬੰਦੀ ਦੇ ਮੋਹਰੀ ਹਰਸ਼ਰਨ ਗਿੱਲ ਦੇ ਵਿਚਾਰ

(ਇਹ ਵਿਚਾਰ ਉਹਨਾਂ ਨੇ ਕੇ. ਸੀ. ਮੋਹਨ ਨਾਲ ਇਕ ਇੰਟਰਵਿਊ ਵਿਚ ਦਿਤੇ ਜੋ ਇੰਗਲੈਂਡ ਦੀ ਅਖਬਾਰ 'ਪੰਜਾਬੀ ਦਰਪਣ ਵਿਚ ਛਪੇ)

? ਸੁਣਿਆ ਹੈ ਅਮਰੀਕਾ ਕੈਨੇਡਾ 'ਚ ਖਾਲਿਸਤਾਨ ਦਾ ਰੌਲਾ ਰੱਪਾ ਕਾਫੀ ਹੈ। ਕੀ ਸੋਚਦੇ ਹੋ ਤੁਸੀਂ।

o ਕੈਲੇਫੋਰਨੀਆਂ ਬਾਰੇ ਇਹ ਗੱਲ ਨਹੀਂ ਕਹੀ ਜਾ ਸਕਦੀ। ਕੈਨੇਡਾ 'ਚ ਸ਼ਰਾਰਤੀ ਟੋਲਾ ਹੈ। ਕੈਲੇਫੋਰਨੀਆਂ 'ਚ ਸੈਕੂਲਰ ਤਾਕਤਾਂ ਨੇ ਇਹਨਾਂ ਦੀ ਬਜਵੇਂ ਰੂਪ 'ਚ ਮੁਖਾਲਫਤ ਵੀ ਕੀਤੀ ਹੈ। ਕੁਝ ਗੁਰਦੁਆਰਿਆਂ 'ਚ ਇਹ ਜਨੂੰਨੀ ਕਾਬਜ਼ ਹਨ ਪਰ ਇਥੇ ਤੁਹਾਡੇ ਵਾਂਗ ਨਹੀਂ। ਸਗੋਂ ਗੁਰਦੁਆਰਿਆਂ 'ਚ ਵੀ ਇਹਨਾਂ ਦੀ ਤਕੜੀ ਆਪੋਜ਼ੀਸ਼ਨ ਹੈ। ਨਿਊਯਾਰਕ 'ਚ ਕੁਝ ਹਲਚਲ ਹੈ ਜੋ ਕੈਲੇਫੋਰਨੀਆ ਤੋਂ 3 ਹਜ਼ਾਰ ਮੀਲ ਪਰੇ ਕਰਕੇ ਹੈ।

? ਏਅਰ ਇੰਡੀਆ ਦਾ ਜਹਾਜ਼ ਜਦੋਂ ਦਾ ਬੰਬ ਨਾਲ ਉਡਾਇਆ ਗਿਆ ਸੀ ਉਦੋਂ ਤੋਂ ਇਥੇ ਅਮਰੀਕਾ ਕੈਨੇਡਾ ਦੇ ਅੱਤਵਾਦੀਆਂ ਬਾਰੇ ਕਾਫ਼ੀ ਨੋਟਿਸ ਲਿਆ ਗਿਆ ਹੈ।

o ਹਾਂ, ਉਹ ਕਰਵਾਈ ਕੈਨੇਡਾ ਵਾਲਿਆਂ ਵੱਲੋਂ ਸੀ। ਕਈ ਖਾਲਿਸਤਾਨੀ ਪਰਚਿਆਂ ਨੇ ਉਸ ਬਾਰੇ ਸੰਪਾਦਕੀ ਲੇਖ ਟੇਢੇ ਢੰਗ ਨਾਲ ਮੰਨਿਆ ਵੀ ਹੈ ਕਿ ਉਹ ਕੀਹਦਾ ਕਾਰਾ ਸੀ। ਪਰ ਅਫਸੋਸ ਹੈ ਕਿ ਜਿਹਨਾਂ ਇੰਨਾ ਵੱਡਾ ਹਾਦਸਾ ਇਹ ਹੋਇਆ ਉਸਨੂੰ ਪ੍ਰਗਤੀਵਾਦੀ ਲੋਕ ਵਰਤ ਨਹੀਂ ਸਕੇ। ਤਕੜੇ ਲੈਵਲ ਤੇ ਇਸ ਸਾਰੇ ਕਾਸੇ ਦੇ ਵਿਰੁਧ ਆਰਗੇਨਾਈਜ਼ ਨਹੀਂ ਹੋ ਸਕੇ। ਕੁਝ ਉਦੋਂ ਇਹਨਾਂ ਦੀ ਦਹਿਸ਼ਤ ਵੀ ਜ਼ਿਆਦਾ ਸੀ ਪਰ ਇਹ ਗੱਲ ਲੋਕਾਂ ਦੇ ਹੱਕ ਵਿਚ ਵੱਡੇ ਪੈਮਾਨੇ ਤੇ ਵਰਤੀ ਜਾ ਸਕਦੀ ਸੀ। ਖੈਰ ਹੁਣ ਸੈਕੂਲਰ ਤਾਕਤਾਂ ਹਰਕਤ ਵਿਚ ਨੇ ਤੇ ਇਹ ਕਾਰਾ ਕਰਨ ਵਾਲਿਆਂ ਨਾਲ ਨਜਿੱਠਿਆ ਜਾਵੇਗਾ ਤੇ ਇਹ ਕਾਰਾ ਉਹਨਾਂ ਨੂੰ ਕਾਫੀ ਮਹਿੰਗਾ ਪਵੇਗਾ।

? ਪਿਛਲੇ ਦਿਨਾਂ ਵਿਚ ਤਲਵਿੰਦਰ ਪਰਮਾਰ ਦਾ ਨਾਮ ਬੜਾ ਬੋਲਦਾ ਰਿਹਾ ਹੈ ਤੇ ਅਜ ਕਲ ਸੁਣਿਆ ਹੈ ਕਿ ਇੰਡੋ ਕੈਨੇਡੀਅਨ ਟਾਈਮਜ਼ ਵਾਲੇ ਪਰਮਾਰ ਦੀ ਬੜੀ ਖੜਕੀ ਹੋਈ ਹੈ।

o ਹਾਂ, ਉਹ ਗੱਲ ਠੀਕ ਹੈ। ਪਰਮਾਰ ਨੂੰ ਉਭਾਰਨ ਵਾਲਾ ਵੀ ਇਹੀ ਸੀ। ਆਦਮ ਕੱਦ ਜਿੱਡੀਆਂ ਫੋਟੋਆਂ ਛਾਪ ਉਹਨੂੰ ਮਸਤਾ ਲਿਆ ਸੀ ਤੇ ਅੱਜ ਕਲ ਉਹ ਇਹਦੇ ਉਲਟ ਵੀ ਪੂਰੇ ਤਾਣ ਨਾਲ ਹੈ।

? ਸੁਣਿਆ ਹੈ ਕਿ ਪਰਮਾਰ ਕੋਲ ਤਕੜੀ ਜਾਇਦਾਦ ਬਣ ਗਈ ਹੈ। ਇਹ ਭਲਾ ਕੀ ਚੱਕਰ ਹੈ।

o ਹਾਂ ਉਹਦੇ ਕੋਲ ਦੋ ਘਰ ਨੇ। ਕੀਮਤ ਹੋਣੀ ਹੈ ਕੋਈ ਅੱਧਾ ਮਿਲੀਅਨ ਡਾਲਰ। ਇਹ ਜੋ ਮੂਵਮੈਂਟ ਬਾਹਰ ਹੈ ਇਹਦੇ 'ਚ ਪੈਸੇ ਦਾ ਬੜਾ ਰੋਲ ਹੈ। ਕਈਆਂ ਦਾ ਦਾਅ ਲੱਗਾ ਹੈ। ਜਨੂੰਨੀ ਲੋਕ ਖੁੱਲ੍ਹਕੇ ਦਾਨ ਦਿੰਦੇ ਹਨ। ਪੈਸੇ ਖਾਣ ਵਾਲੇ ਮਾੜਾ ਮੋਟਾ ਕੰਮ ਵੀ ਕਰੀ ਜਾਂਦੇ ਹਨ।

? ਕੈਨੇਡੀਅਨ ਸਰਕਾਰ ਦੇ ਇਹਨਾਂ ਅੱਤਵਾਦੀਆਂ ਦੇ ਬਾਰੇ ਰਵੱਈਏ 'ਚ ਆਈ ਤਬਦੀਲੀ ਅਸੀਂ ਨੋਟ ਕੀਤੀ ਹੈ। ਇਹ ਕਈ ਅਮਰੀਕੀ ਸੈਨੇਟਰ ਕੀ ਰੌਲਾ ਪਾਉਂਦੇ ਰਹਿੰਦੇ ਨੇ।

o ਇਹ ਸੈਨੇਟਰਾਂ ਵਾਲੀ ਗੱਲ ਕੋਈ ਸੀਰੀਅਸ ਨਹੀਂ। ਉਥੇ ਰਿਵਾਜ ਹੀ ਹੈ ਕਿ ਸੈਨੇਟਰ ਜਾਂ ਕਾਂਗਰਸ ਮੈਨ ਕੁੱਤੇ ਝਾਕ 'ਚ ਰਹਿੰਦੇ ਨੇ ਉਥੇ ਰਿਵਾਜ ਹੀ ਹੈ ਕਿ ਉਹਨਾਂ ਨੂੰ ਡਿਨਰ, ਲ਼ਿਨਰ ਕਰੋ ਉਹ ਤੁਹਾਡੇ ਕੋਲ ਆ ਕੇ ਸਟੇਟਮੈਂਟਾਂ ਦੇ ਜਾਂਦੇ ਹਨ। ਬਾਕੀ ਮਾਈਨੋਰਟੀਜ਼ ਨੂੰ ਮੁੱਖ ਰੱਖ ਕੇ ਵੋਟਾਂ ਟੋਹਣ ਦੀ ਵੀ ਗੱਲ ਹੁੰਦੀ ਹੈ। ਅਮਰੀਕੀ ਸਰਕਾਰ ਹੋਰ ਪਾਸਿਆਂ ਥਾਈਂ ਬੇਸ਼ੱਕ ਖਾਲਿਸਤਾਨ ਦੀ ਮੱਦਦ ਕਰਦੀ ਹੋਵੇ ਪਰ ਉਥੇ ਅਮਰੀਕਾ 'ਚ ਸਿੱਧਾ ਕੋਈ ਮੱਦਦ ਨਹੀਂ ਦਿੰਦੀ ਪਰ ਇਹ ਜੋ ਗੁਰਮੀਤ ਔਲਖ ਹੈ ਉਹਦੀ ਬੜੀ ਕੋਸ਼ਿਸ਼ ਹੈ ਕਿ ਅਮਰੀਕੀ ਸਰਕਾਰ ਖਾਲਿਸਤਾਨ ਦੀ ਖੁੱਲ੍ਹੀ ਮਦਦ ਕਰੇ। ਉਹਨੇ ਕੁਝ ਸੈਨੇਟਰ ਗੰਢ ਕੇ ਕੋਈ ਸਟੇਟਮੈਂਟ ਦੁਆਈ ਵੀ ਹੈ।

? ਐਥੇ ਗੁਰਦੁਆਰਿਆਂ 'ਚ ਧਰਮ ਦੇ ਨਾਮ ਤੇ ਬੜਾ ਪੈਸਾ ਇਕੱਠਾ ਕੀਤਾ ਗਿਆ ਹੈ ਕਿ ਜੀ ਭਾਰਤ 'ਚ ਸ਼ਹੀਦਾਂ ਦੇ ਪਰਿਵਾਰਾਂ ਨੂੰ ਦੇਣਾ ਹੈ। ਪਾਕਿਸਤਾਨ 'ਚ ਜਹਾਜ਼ ਦੇ ਹਾਈ ਜੈਕਰਾਂ ਦੇ ਕੇਸ ਲੜਨੇ ਨੇ (ਵੈਸੇ ਜ਼ਿਆ ਸਰਕਾਰ ਇਹਨਾਂ ਕੇਸਾਂ ਨਾਲ ਨਿਪਟਣ ਲਈ ਲੋਲੋ ਪੋਪੋ ਕਰ ਰਹੀ ਹੈ) ਤੇ ਕੁਝ ਖਾਲਿਸਤਾਨੀ ਅਖਬਾਰਾਂ ਨੇ ਇਥੇ ਮੰਨ ਵੀ ਲਿਆ ਹੈ ਕਿ ਪੌਂਡਾਂ ਦੀਆਂ ਪੌਂਡਾਂ ਪੌਂਡ ਕਿਸੇ ਠੀਕ ਥਾਂ ਤੇ ਨਹੀਂ ਪੁਜੇ। ਕੀ ਉਥੇ ਵੀ

ਕੋਈ ਚੱਕਰ ਹੈ ਐਸਾ।

o ਦੇਖੋ ਜੀ ਧਰਮ ਦੇ ਨਾਮ ਤੇ ਇੰਨਾ ਪੈਸਾ ਇਕੱਠਾ ਹੋ ਜਾਂਦਾ ਹੈ ਕਿ ਇਹਨਾਂ, ਛਪੇ ਜਾ ਕਲੀਅਰਾਂ ਰੁਸਤਮਾਂ ਦੇ ਖਾਣ ਪੀਣ ਬਾਅਦ ਵੀ ਇੰਨਾ ਪੈਸਾ ਬਚ ਜਾਂਦਾ ਹੈ ਕਿ ਜਦ ਉਹ ਇੰਡੀਆ ਦਹਿਸ਼ਤਗਰਦਾਂ ਕੋਲ ਹਥਿਆਰ ਵਗੈਰਾ ਖਰੀਦਣ ਲਈ ਪੁਜ ਜਾਂਦਾ ਤਾਂ ਉਹ ਕਾਫੀ ਖਤਰਨਾਕ ਹੁੰਦਾ ਹੈ। ਬਾਕੀ, ਕਈ ਇਨ੍ਹਾਂ ਦੇ ਕਮਿਟਿਡ ਬੰਦੇ ਵੀ ਹਨ ਜੋ ਡਾਇਰੈਕਟ ਆਪਣੇ ਹਥੀਂ ਪੈਸਾ ਲੈ ਕੇ ਜਾਂਦੇ ਹਨ। ਸੋ ਉਥੇ ਕਾਫੀ ਮਾਇਆ ਪਹੁੰਚਦੀ ਰਹੀ ਹੈ।

? ਤੁਹਾਡੇ ਉਤੇ ਪਰੋ ਇੰਡੀਆ ਕੋਈ ਕਾਰਵਾਈ ਹੋ ਰਹੀ ਹੈ।

o ਪਰੋ ਇੰਡੀਆ ਜਾਂ ਪਰੋ ਗੌਰਮਿੰਟ ਕੋਈ ਸੀਰੀਅਸ ਕਾਰਵਾਈ ਨਹੀਂ। ਕੁਝ ਮੰਦਰਾਂ ਵਿਚ ਜਨੂਨੀ ਚੱਕਰ ਨੇ। ਉਥੇ ਹਿੰਦੂ ਸ਼ਾਵਨਿਜ਼ਮ ਭਾਰੂ ਹੁੰਦਾ ਹੈ। ਹਾਲਾਂਕਿ ਘੜੀ ਉਹ ਵੀ ਕੋਈ ਐਕਟਿਵ ਨਹੀਂ।

? ਤੁਹਾਡੀ ਜੋ ਐਂਟੀ-47 ਜਥਬੰਦੀ ਹੈ ਇਹਦਾ ਕੀ ਰੋਲ ਹੈ।

o ਅਸੀਂ ਗੌਰਮਿੰਟ ਆਫ ਇੰਡੀਆ ਨੂੰ ਸਾਰੇ ਝਗੜੇ ਦੀ ਜੜ੍ਹ ਸਮਝਦੇ ਹਾਂ। ਸਾਡਾ ਵਿਸ਼ਵਾਸ ਹੈ ਕਿ ਧਰਮ ਦੇ ਨਾਮ ਤੇ ਕਿਸੇ ਦੇਸ਼ ਦੀ ਸਥਾਪਤੀ ਨਾ ਹੋਵੇ। ਪਾਕਿਸਤਾਨ ਦੀ ਮਿਸਾਲ ਸਾਹਮਣੇ ਹੀ ਹੈ। ਇਹਨਾਂ ਨੇ ਧਰਮ ਦੇ ਨਾਮ ਤੇ ਸਟੇਟ ਕਾਇਮ ਕੀਤੀ। ਪਰ ਗੱਲ ਕਿਸੇ ਤਣ ਪੱਤਣ ਨਹੀਂ ਲੱਗੀ। ਧਾਰਮਕ ਫਸਾਦ ਹੁੰਦੇ ਨੇ, ਭੁੱਖ ਮਰੀ ਹੈ। ਇਸਰਾਈਲ ਦਾ ਕੇਸ ਲੈ ਲਓ। ਧਰਮ ਦੇ ਨਾਮ ਤੇ ਹੀ ਬਣਿਐ ਪਰ ਫਲਸਤੀਨੀ ਘੋਲਾਂ ਦੇ ਸੰਬੰਧ 'ਚ ਇਹ ਫਾਸ਼ਿਸਟ ਹੋ ਨਿਬੜੇ ਹਨ। ਈਰਾਨ ਦਾ ਵੀ ਇਹੀ ਹਾਲ ਹੈ। ਅਸੀਂ ਨਹੀਂ ਚਾਹੁੰਦੇ ਕਿ ਭਾਰਤ ਵਿਚ ਵੀ ਧਰਮ ਦੇ ਨਾਮ ਤੇ ਕੋਈ ਦੇਸ਼-ਸਟੇਟ ਬਣੇ ਕਿਉਂਕਿ 1947 ਦੀ ਮਿਸਾਲ ਸਾਡੇ ਸਾਹਮਣੇ ਐ। ਜਦੋਂ ਵਸੋਂ ਦੇ ਵਟਾਂਦਰੇ ਦੀ ਗੱਲ ਆ ਜਾਂਦੀ ਹੈ ਤਾਂ ਇਹ ਸੌਖੀ ਸਹੀ ਨਹੀਂ ਹੋ ਸਕਦੀ।

? ਇਕ ਗੱਲ ਕੁਝ ਘਪਲਾ ਹੋ ਗਿਆ ਹੈ ਕਿ ਤੁਹਾਡਾ ਮੌਜੂਦਾ ਸਟੈਂਡ ਪਰੋ ਇੰਡੀਆ ਹੈ ਜਾਂ ਨਹੀਂ।

o ਹਾਂ, ਪਰੋ ਇੰਡੀਆ ਹੈ। ਪਰ ਗੌਰਮਿੰਟ ਹੋਣਾ ਹੋਰ ਗੱਲ ਹੈ। ਅਸੀਂ ਪਰੋ ਇੰਡੀਆ ਹਾਂ। ਭਾਰਤ ਦੀ ਏਕਤਾ ਦੇ ਚਾਹਵਾਨ ਹਾਂ ਪਰ ਅਸੀਂ ਪਰੋ-ਕਾਂਗਰਸ ਨਹੀਂ। ਕਿਉਂਕਿ ਕਾਂਗਰਸ ਨੂੰ ਲੋਕਾਂ ਨਾਲ ਕੋਈ ਸਰੋਕਾਰ ਨਹੀਂ।

? ਪਤਾ ਲੱਗਾ ਸੀ, ਕਿ ਅਮਰੀਕਾ 'ਚ ਖਾਲਿਸਤਾਨੀਆਂ ਨਾਲ ਤੁਹਾਡਾ ਕੋਈ ਪੇਚਾ ਪਿਆ ਸੀ। ਕੁਝ ਦੱਸੋ ਇਸ ਬਾਰੇ।

o ਹਾਂ, ਉਹ ਇਹ ਹੈ ਕਿ ਕਿਉਂਕਿ ਅਸੀਂ ਸਾਹਿਤ ਰਾਹੀਂ ਕੁਝ ਪ੍ਰਚਾਰ ਕਰਦੇ ਹਾਂ। ਸਾਨੂੰ ਪਤਾ ਲੱਗਾ ਕਿ ਗੁਰਦੁਆਰਿਆਂ ਯਾਨੀ ਧਾਰਮਿਕ ਸਥਾਨਾਂ ਵਿਚ ਸਿਆਸੀ ਪ੍ਰਚਾਰ ਹੋ ਰਿਹਾ ਹੈ ਜੋ ਕਿ ਇਹਨਾਂ ਨੂੰ ਬਾਹਰ ਕਰਨਾ ਚਾਹੀਦਾ ਹੈ। ਸੋ ਅਸੀਂ ਆਪਣੇ ਹਿਸਾਬ ਨਾਲ ਗੁਰਦੁਆਰੇ ਦੇ ਬਾਹਰ ਕੁਝ ਅਕਲ ਵਾਲਾ ਲਿਟਰੇਚਰ ਵੰਡਣ ਦੀ ਕੋਸ਼ਿਸ਼ ਕੀਤੀ ਜੋ ਸਿਰ ਫਿਰਿਆਂ ਨੂੰ ਠੀਕ ਨਹੀਂ ਲੱਗਾ। ਗੁਰਦੁਆਰੇ ਦੇ ਭੜਕੇ ਸਿਰ-ਫਿਰਿਆਂ ਨੇ ਸਾਡੇ ਤੇ ਹਮਲਾ ਕਰ ਦਿੱਤਾ ਅਸੀਂ ਤੇ 15-20 ਜਣੇ ਸਾਂ। ਪਰ ਜੋ ਸਥਾਨਕ ਗੋਰੀ ਵਸੋਂ ਸੀ ਉਹਨੇ ਸੱਭ ਕੁਝ ਨੋਟ ਕੀਤਾ ਕਿ ਗੁਰਦੁਆਰੇ ਦਾ ਹੰਜੂਮ ਥੋੜੇ ਜਿਹੇ ਬੰਦਿਆਂ ਦੇ ਪਿਛੇ ਪੈ ਗਿਆ। ਅਸੀਂ ਆਪਣੇ ਡੀਫੈਂਸ ਵਿਚ ਗੋਲੀ ਵੀ ਚਲਾਈ। ਕੇਸ ਚਲਿਆ ਜੋ ਖਾਲਿਸਤਾਨੀਆਂ ਦੇ ਖਿਲਾਫ ਨਿਕਲਿਆ। ਹੋਰ ਤਾਂ ਹੋਰ ਸਾਡਾ ਸਾਹਿਤ ਸੀ, ਕਿ ਦਿੱਲੀ ਫਸਾਦਾਂ ਦੇ ਕਾਤਲਾਂ ਨੂੰ ਸਜ਼ਾਵਾਂ ਦਿਓ। ਇਹ ਕੋਈ ਸਿੱਖਾਂ ਖਿਲਾਫ ਨਹੀਂ ਸੀ। ਪਰ ਅਸੀਂ ਭਿੰਡਰਾਂਵਾਲੇ ਨੂੰ ਵੀ ਦੋਸ਼ੀ ਠਹਿਰਾਇਆ ਸੀ ਕਿ ਉਹ ਕਾਂਗਰਸ ਦੀ ਪੈਦਾਵਾਰ ਸੀ। ਬਸ ਭਿੰਡਰਾਂਵਾਲੇ ਦੀ ਗੱਲ ਤੋਂ ਹੀ ਉਹ ਔਖੇ ਹੋ ਗਏ ਕਿ ਭਿੰਡਰਾਂਵਾਲਾ ਕਾਂਗਰਸ ਦਾ ਏਜੰਟ ਸੀ।

? ਐਂਟੀ-47 ਦੀ ਹੋਰ ਕੋਈ ਸਰਗਰਮੀ।

o ਕਾਫੀ ਹੋਈਆਂ। ਪਾਸ਼ ਵੀ ਕੁਝ ਦੇਰ ਇਕ ਵਿਚ ਸ਼ਾਮਲ ਸੀ। ਇਹ ਪਾਸ਼ ਦੇ ਕਤਲ ਬਾਅਦ ਵੀ ਜਾਰੀ ਰਹੀਆਂ। ਸ਼ਾਇਦ ਖਾਲਿਸਤਾਨੀ ਸਮਝਦੇ ਸੀ ਕਿ ਉਹ ਸਾਨੂੰ ਡਰਾ ਧਮਕਾ ਦੇਣਗੇ ਜਾਂ ਚੁੱਪ ਕਰਵਾ ਦੇਣਗੇ। ਪਾਸ਼ ਦੇ ਕਤਲ ਬਾਅਦ ਅਸੀਂ ਤਕੜਾ ਜਲੂਸ ਕੱਢਿਆ ਤੇ ਖੁਲ ਕੇ ਨਾਹਰੇ ਲਾਏ ਤੇ ਪਾਸ਼ ਦੇ ਕਤਲ ਨੇ ਸਾਨੂੰ ਸਗੋਂ ਹੋਰ ਤਕੜਾ ਕੀਤਾ ਹੈ।

ਪਰੋਗਰੈਸਿਵ ਜਥੇਬੰਦੀ ਹੈ। ਪਰੋਗਰੈਸਿਵ ਸਾਹਿਤ ਤੇ ਕੰਮ ਕਰੀਦੇ ਨੇ। ਦੁਨੀਆਂ 'ਚ ਬਾਕੀ ਥਾਈਂ ਹੁੰਦੇ ਇਨਕਲਾਬੀ ਤੇ ਅਗਾਂਹ ਵਧੂ ਘੋਲਾਂ ਦੇ ਸਮਰਥਨ ਲਈ ਜੋ ਵੀ ਹੁੰਦਾ ਹੈ ਕਰਦੇ ਹਾਂ।

? ਪਾਸ਼ ਦੇ ਕਤਲ ਪਿਛੇ ਕੀ ਮਕਸਦ ਹੋ ਸਕਦਾ ਹੈ।

o ਉਹਦੇ ਕਈ ਮਕਸਦ ਨੇ। ਇਕ ਤੇ ਉਹ ਨਕਸਲਾਈਟ ਮੂਵਮੈਂਟ ਦੇ ਸਿੰਬਲ ਸਨ ਜਿਸ ਮੂਵਮੈਂਟ 'ਚ ਅਮਰਜੀਤ ਚੰਦਨ ਵੀ ਰਹੇ ਨੇ। ਨਕਸਲਾਈਟਾਂ

ਵਲੋਂ ਹਥਿਆਰ ਬੰਦ ਖਾਲਿਸਤਾਨੀਆਂ ਨੂੰ ਅਪੋਜ਼ੀਸ਼ਨ ਵੀ ਦਿੱਤੀ ਜਾ ਰਹੀ ਹੈ। ਦੂਸਰਾ ਪਾਸ਼ ਨੇ ਕੈਲੇਫੋਰਨੀਆਂ ਆਕੇ ਇਹਨਾਂ ਦੀ ਅਪੋਜ਼ੀਸ਼ਨ ਜਾਰੀ ਰੱਖੀ। ਉਹਨੂੰ ਐਂਟੀ 47 ਨੇ ਹੀ ਵਿਸ਼ੇਸ਼ ਸੱਦੇ ਤੇ ਉਥੇ ਬੁਲਾਇਆ ਸੀ। ਕਿਉਂਕਿ ਉਥੇ ਐਸੇ ਬੰਦੇ ਦੀ ਲੋੜ ਸੀ ਜੋ ਪੇਪਰ ਰਾਹੀਂ ਵੱਡੇ ਪੱਧਰ ਤੇ ਲਾਮਬੰਦੀ ਕਰ ਸਕਦਾ। ਪਾਸ਼ ਦਾ ਕਤਲ ਪਿਛੇ ਖਾਲਿਸਤਾਨੀਆਂ ਦੀ ਬਾਹਰ ਹੋ ਰਹੀ ਵਿਰੋਧਤਾ ਨੂੰ ਰੋਕਣ ਲਈ ਕਤਲ ਕੀਤਾ ਗਿਆ ਹੈ। ਇਹ ਨਤੀਜਾ ਵੀ ਨਿਕਲਦਾ ਹੈ ਕਿ ਖਾਲਿਸਤਾਨੀ ਬਾਹਰੋਂ ਹੋ ਰਹੇ ਵਿਰੋਧਾਂ ਨੂੰ ਗੰਭੀਰ ਤੌਰ ਤੇ ਲੈ ਰਹੇ ਹਨ। ਉਹ ਬਾਹਰ ਵੀ ਦਹਿਸ਼ਤ ਪਾਉਣਾ ਚਾਹੁੰਦੇ ਹਨ।

? ਤਿੰਨੇ ਚਾਰੇ ਅਗਾਂਹ ਵਧੂ ਪਾਰਟੀਆਂ ਕਿਸੇ ਸਾਂਝੇ ਪ੍ਰੋਗਰਾਮ ਲਈ ਕਠੀਆਂ ਹੁੰਦੀਆਂ ਲਗਦੀਆਂ ਕਿ ਨਹੀਂ।

o ਸਾਡੀਆਂ ਇਤਲਾਹ ਮੁਤਾਬਕ ਇਹਨਾਂ ਸਾਰੀਆਂ ਪਾਰਟੀਆਂ ਦਾ ਹੇਠਲਾ ਕੇਡਰ ਮਿਲਕੇ ਚਲਾਣਾ ਚਾਹੁੰਦਾ ਹੈ ਇਕ, ਮਸਲਾ ਰੌਲੇ ਵਾਲਾ ਇਹ ਹੈ ਕਿ ਪਾਰਟੀਆਂ ਦਾ ਪੰਜਾਬ ਪ੍ਰੋਬਲਮ ਪਿਛੇ ਵੱਡੀਆਂ ਤਾਕਤਾਂ ਦੇ ਹਥ ਹੋਣ ਜਾਂ ਨਾ ਹੋਣ ਤੇ ਸਹਿਮਤੀ ਤੇ ਅਸਹਿਮਤੀ ਦਾ ਵੀ ਹੈ ਕਿ ਕੋਈ ਇਸ ਨੂੰ ਕਿਸ ਹਿਸਾਬ ਨਾਲ ਲੈਣਾ ਚਾਹੁੰਦਾ ਹੈ। ਇਹ ਗੱਲ ਬਾਅਦ ਵਿਚ ਆਏਗੀ ਪਰ ਹਕੀਕਤ ਹੈ ਕਿ ਮਿਹਰਬਾਨੀਆਂ ਸਾਰੀ ਕਾਂਗਰਸ ਦੀਆਂ ਹਨ। ਇੰਦਰਾ ਨੇ ਪੰਜਾਬ ਬਾਰੇ ਗੌਲਿਆ ਨਹੀਂ। ਰਾਜੀਵ ਦਾ ਇਹੀ ਹਾਲ ਹੈ। ਇਕ ਪਾਸੇ ਹਿੰਦੂ ਸ਼ਾਵਨਿਜ਼ਮ ਨੂੰ ਕਾਇਮ ਰਖਣਾ ਚਾਹੁੰਦੇ ਨੇ ਦੂਜੇ ਪਾਸੇ ਸਿੱਖ ਸ਼ਾਵਨਿਜ਼ਮ ਨੂੰ ਤਕੜਾ ਕਰਨਾ ਚਹੁੰਦੇ ਨੇ ਤਾਂ ਕਿ ਵੋਟਾਂ ਦੀ ਕਤਾਰ ਬੰਦੀ ਫਿਰਕੂ ਨਜਰੀਏ ਨਾਲ ਹੋ ਸਕੇ ਜਿਵੇਂ ਇੰਦਰਾ ਦੀ ਮੌਤ ਬਾਅਦ ਹੋਇਆ ਸੀ। ਖਾਲਿਸਤਾਨੀਆਂ ਦਾ ਸੂਤ ਇਸ ਕਰਕੇ ਵੀ ਲਗਿਆ ਹੋਇਆ ਹੈ ਕਿ

ਨਵੀਂ ਦਿੱਲੀ ਵਲੋਂ ਉਹਨਾਂ ਨੂੰ ਹਾਲਤਾਂ ਹੀ ਅਜਿਹੀਆਂ ਕਰੀਏਟ ਕਰਕੇ ਦਿੱਤੀਆਂ ਗਈਆਂ ਕਿ ਉਹ ਖਿਲਫ ਹੁੰਦੇ ਜਾਣ। ਮਸਲਨ ਝੂਠੇ ਮੁਕਾਬਲੇ। ਖਾਲਿਸ-ਤਾਨੀ ਵੀ ਝੂਠੇ ਮੁਕਾਬਲਿਆਂ 'ਚ ਉਡਾਏ ਜਾ ਰਹੇ ਹਨ। ਜਦ ਪਿੰਡਾਂ ਵਾਲਿਆਂ ਨੂੰ ਪਤਾ ਲੱਗਦਾ ਹੈ ਉਹਨਾਂ ਵਲੋਂ ਹਾਅ ਦਾ ਨਾਅਰਾ ਲਾਉਣਾ ਕੁਦਰਤੀ ਹੈ। ਉਹਨਾਂ ਲਈ ਉਹ ਸ਼ਹੀਦ ਵੀ ਬਣ ਜਾਂਦੇ ਨੇ। ਸਾਡੇ ਉਥੇ ਜਬਰ ਤੇ ਫਿਰਕਪ੍ਰਸਤੀ ਵਿਰੁਧ ਫਰੰਟ ਬਣਿਆ ਹੋਇਆ ਹੈ ਜੋ ਸਟੇਟ ਟੈਰੋਰਿਜ਼ਮ ਤੇ ਖਾਲਿਸਤਾਨੀ ਟੈਰੋਰਿਜ਼ਮ ਦੋਵਾਂ ਨੂੰ ਭੰਡਦਾ ਹੈ। ਖਾਲਿਸਤਾਨੀਆਂ ਨਾਲ ਲੋਕਾਂ ਨੇ ਨਜਿਠਣਾ ਹੈ ਸਰਕਾਰ ਨੇ ਕੁਝ ਨਹੀਂ ਕਰਨਾ। ਮਿਲਟਰੀ ਤੋਂ ਖਤਮ ਨਹੀਂ ਹੋਣੀ ਕਹਾਣੀ।

? ਸੁਣਿਆ ਹੈ ਨਕਸਲਾਈਟਾਂ ਦੇ ਕੁਝ ਗਰੁੱਪ ਖਾਲਸਤਾਨੀਆਂ ਨਾਲ ਸਿੱਧੇ ਜਾਂ ਅਸਿਧੇ ਸਹਿਮਤ ਹਨ।

o ਨਹੀਂ, ਐਸੀ ਕੋਈ ਵੱਡੇ ਪੈਮਾਨੇ ਤੇ ਗੱਲ ਨਹੀਂ। ਕੁਝ ਛੋਟੇ ਮੋਟੇ ਗਰੁੱਪ ਹੋ ਸਕਦੇ ਹਨ। ਨਛਤਰ ਸਿੰਘ ਜਿਸ ਦੇ ਬਾਰੇ ਸਮਝਿਆ ਜਾਂਦਾ ਹੈ ਕਿ ਉਹਨੇ ਨਾਰਾਇਣ ਨੂੰ ਮਾਰਿਆ ਵੀ ਉਹ ਨਕਸਲਾਈਟਾਂ ਦਾ ਮੈਂਬਰ ਨਹੀਂ ਸੀ। ਉਹ ਹੇਠਲੇ ਲੈਵਲ ਦਾ ਹਮਦਰਦ ਬੰਦਾ ਸੀ। ਕੁਝ ਨਿਕੀਆਂ ਮੋਟੀਆਂ ਜਥੇਬੰਦੀਆਂ ਤੇ ਕੁਝ ਮੈਂਬਰਾਂ ਦੀ ਇਕਾ ਦੁੱਕਾ ਗੱਲ ਨੂੰ ਸਟੇਟ ਜਾਂ ਮੀਡੀਏ ਵਾਲੇ ਚੱਕ ਲੈਂਦੇ ਨੇ। ਸਥਾਪਤ ਗਰੁੱਪਾਂ ਦਾ ਨਜ਼ਰੀਆ ਠੀਕ ਹੈ।

? ਰਾਜੀਵ ਗਾਂਧੀ ਨੇ ਵੀ ਕਈ ਵਾਰੀ ਕਿਹਾ ਸੀ ਕਿ ਖਾਲਸਤਾਨੀ ਲਹਿਰ 'ਚ ਕੁਝ ਨਕਸਲਾਈਟ ਆ ਘੁਸੜੇ ਨੇ। ਵਾਈਟ ਪੇਪਰ 'ਚ ਵੀ ਜ਼ਿਕਰ ਸੀ। ਪੈਗਾਮ ਜਿਹੇ ਪਰਚਿਆਂ ਦਾ ਵੀ ਰੋਲ ਹੈ।

o ਉਹ ਵੀ ਡਾਇਰੈਕਟ ਫਿਰਕੂ ਨਜਰੀਏ ਤੋਂ ਇਹਨਾਂ ਦੀ ਮਦਦ ਨਹੀਂ ਕਰ ਰਹੇ। ਪੰਜਾਬ ਦੀ ਗੁਥੀ ਸੁਲਝਾਉਣ ਦੀ ਉਹਨਾਂ ਦੀ ਕੋਸ਼ਿਸ਼ ਓਬਜੈਕਟਵਿਲੀ ਖਾਲਿਸਤਾਨੀਆਂ ਦੇ ਹੱਕ ਵਿਚ ਭੁਗਤ ਰਹੀ ਹੈ।

? ਇਹਦਾ ਅਸਲ ਫਾਇਦਾ ਕਾਂਗਰਸ ਨੂੰ ਹੁੰਦਾ ਹੈ।

o ਹਾਂ, ਇਹਦੇ ਵਿੱਚ ਕੋਈ ਸ਼ੱਕ ਨਹੀਂ। ਖਾਲਿਸ-ਤਾਨੀਆਂ ਨੂੰ ਵੀ ਫਾਇਦਾ ਹੁੰਦਾ ਹੈ ਉਹਨਾਂ ਨੂੰ ਸੋਚਣ ਸਮਝਣ ਦੀ ਲੋੜ ਹੈ ਪਰ ਉਹ ਸਾਡੀ ਮੁੱਖ ਲਹਿਰ ਦਾ ਹਿਸਾ ਨਹੀਂ ਹਨ। ਵੈਸੇ ਐਸਾ ਨਹੀਂ ਕਿ ਉਹ ਬਿਲਕੁਲ ਸੂਤਰਧਾਰੀ ਹੋ ਗਏ ਨੇ।

? ਸੀ ਪੀ ਐਮ ਤੇ ਸੀ ਪੀ ਆਈ ਦਾ ਰੋਲ ਕਿੰਝ ਲਗਦਾ ਹੈ।

o ਕਾਡਰ ਦੇ ਬੰਦੇ ਠੀਕ ਨੇ ਪਰ ਦੋਵਾਂ ਦੀ ਲੀਡਰਸ਼ਿਪ ਦੀ ਪ੍ਰੋਬਲਮ ਹੈ। ਕਾਮਰੇਡ ਹਰਕਿਸ਼ਨ ਸੁਰਜੀਤ ਹੋਣੀ ਵੀ ਫਿਰਕਾਪ੍ਰਸਤੀ ਖਿਲਾਫ ਕਮਿਊਨਲ ਇਕਠਾਂ 'ਚ ਸ਼ਾਮਲ ਹੁੰਦੇ ਨੇ ਕਾਂਗਰਸ ਨਾਲ ਟਰਕਿਊਨ 'ਚ ਫੋਟੋਆਂ ਛਪਦੀਆਂ ਰਹਿੰਦੀਆਂ ਨੇ ਇਹ ਜਨਤਾ ਤੇ ਕਾਂਗਰਸ ਨਾਲ ਬਹਿੰਦੇ ਨੇ। ਕਾਂਗਰਸ ਨਾਲ ਰਲ ਕੇ ਫਿਰਕਾਪ੍ਰਸਤੀ ਵਿਰੁਧ ਭਲਾ ਕਿਵੇਂ ਲੜਾਈ ਦਿੱਤੀ ਜਾ ਸਕਦੀ ਹੈ। ਦੋਵਾਂ ਪਾਰਟੀਆਂ ਵਲੋਂ ਅਜੇ ਵੀ ਕਾਂਗਰਸ ਨੂੰ ਉਸ ਹਿਸਾਬ ਨਾਲ ਆਈਸੋਲੇਟ ਨਹੀਂ ਕੀਤਾ ਜਾ ਰਿਹਾ ਜਿਸ ਤਰਾਂ ਕੀਤਾ ਜਾਣਾ ਚਾਹੀਦਾ ਹੈ। ਕਾਂਗਰਸ ਨੂੰ ਵਧੇਰੇ ਨੰਗਾ ਕੀਤੇ ਜਾਣ ਦੀ ਲੋੜ ਹੈ। ਦੋਵਾਂ ਪਾਰਟੀਆਂ ਦਾ ਕਾਡਰ ਠੀਕ ਕੰਮ ਕਰ ਰਿਹਾ ਹੈ ਪਰ ਲੀਡਰਸ਼ਿਪ ਨੂੰ ਕੋਈ ਸੁਰਤ ਨਹੀਂ ਆ ਰਹੀ।

? ਖਾਲਿਸਤਾਨ ਬਣੇਗਾ।

Regd. with the Register News Papers Vide No. MA/12397-D Dated 18.4.80
Post Office No. P/AR—133

o ਇਹ ਬਦਕਿਸਮਤੀ ਦੀ ਗੱਲ ਹੈ ਕਿ ਇਸ ਨਾਂਮ ਦੀ ਏਨੀ ਚਰਚਾ ਹੋਣ ਲੱਗੀ ਹੈ। ਕੋਈ ਮੂਰਖ ਹੀ ਹੋਏਗਾ ਜੋ ਕਿਆਸਦਾ ਹੋਵੇ ਕਿ ਇਹ ਬਣ ਸਕੇਗਾ। There is no such thing It is a fool's dream. It will never happen.

? ਇਥੇ ਵੂਲਿਚ 'ਚ ਪ੍ਰਗਤੀਵਾਦੀਆਂ ਦੀ ਇਕ ਕਾਨਫਰੰਸ ਹੋਈ ਸੀ ਕਿ ਖਾਲਿਸਤਾਨੀਆਂ ਨਾਲ ਬਰਾਬਰ ਦੀ ਹਥਿਆਰਬੰਦ ਟੱਕਰ ਸ਼ੁਰੂ ਕੀਤੀ ਜਾਵੇ। ਕੀ ਸੋਚਦੇ ਹੋ ਤੁਸੀਂ ਐਸ ਬਾਰੇ।

o ਰੁਝਾਨ ਤਾਂ ਦਰੁਸੱਤ ਹੈ। ਲੋੜ ਹੈ ਐਸੀ ਕੁਝ। ਪਰ ਭਾਰਤ 'ਚ ਪਾਰਟੀਆਂ ਤੇ ਹੋਰ ਗਰੁੱਪ ਉਸ ਨਾਲ ਇਸ ਬਾਰੇ ਸੀਰੀਅਸ ਨਹੀਂ ਜਿੰਨਾ ਉਥੇ ਦਾ ਕਾਡਰ ਜਾਂ ਅਸੀਂ ਬਾਹਰ ਬੈਠੇ ਸੀਰੀਅਸ ਹਾਂ। ਪਰ ਟੁਰੇਗੀ ਜ਼ਰੂਰ ਏਧਰ ਨੂੰ ਗੱਲ।

? ਸੁਣਿਆ ਹੈ ਕਿ ਇਕ ਰੈਡ ਬਰੀਗੇਡ ਬਣੀ ਹੋਈ ਹੈ ਜਿਸਨੇ ਕੋਈ 40 ਦੇ ਕਰੀਬ ਖਾਲਿਸਤਾਨੀ ਮਾਰੇ ਨੇ ਤੇ ਇਸਨੂੰ ਪੁਲਸ ਦੀ ਹਮਾਇਤ ਵੀ ਪ੍ਰਾਪਤ ਹੈ।

o ਉਹ ਕਾਊਂਟਰ ਟਰੈਂਡ ਹੈ। ਇਹ ਪ੍ਰੋਗਰੈਸਿਵ ਫੋਰਸਾਂ ਲਈ ਖਤਰਨਾਕ ਸਿੱਧ ਹੋਵੇਗਾ। ਉਹ ਤੇ ਕੁਝ ਬੰਦੇ ਨੇ ਜੋ ਖਾਲਿਸਤਾਨੀਆਂ ਦੁਆਰਾ ਕੀਤੇ ਗਏ ਜਾਤੀ ਕਤਲਾਂ ਦਾ ਬਦਲਾ ਲੈਣਾ ਚਾਹੁੰਦੇ ਨੇ ਇਹ ਨੰਬਰ 10 ਦੇ ਪਿੰਡਾਂ ਦੇ ਬੰਦੇ ਨੇ। ਲੌਂਗ ਰਨ 'ਚ ਇਹ ਖਾਲਿਸਤਾਨੀਆਂ ਲਈ ਘੱਟ ਪਰ ਪ੍ਰੋਗਰੈਸਿਵ ਫੋਰਸਾਂ ਲਈ ਵੱਧ ਖਤਰਨਾਕ ਹੋਣਗੇ। ਇਹਨਾਂ ਦਾ ਰੋਲ ਕਨਸਟਰਕਟਿਵ ਨਹੀਂ। ਬਦਲੇ ਦੇ ਕਤਲ ਠੀਕ ਨਹੀਂ। ਪਿੰਡਾਂ ਜਾਂ ਹੋਰ ਕਿਤੇ ਗਏ ਕਤਲ ਕਰਨ ਆਏ ਖਾਲਿਸਤਾਨੀਆਂ ਨਾਲ ਜੇਕਰ ਲੋਕ ਨਜਿਠਣਾ ਸ਼ੁਰੂ ਕਰ ਦੇਣ ਤਾਂ ਇਹ ਠੀਕ ਹੈ। ਇਹਨਾਂ ਦਾ ਲੋਕਾਂ ਹਥੋਂ ਮਾਰਿਆ ਜਾਣਾ ਜ਼ਰੂਰੀ ਹੈ। ਪੁਲਸ ਮੁਕਾਬਲਿਆਂ ਦਾ ਨੈਗੇਟਿਵ ਰੋਲ ਹੁੰਦਾ ਹੈ। ਇਹਨਾਂ ਨੂੰ ਫੜ ਕੇ ਅਦਾਲਤਾਂ 'ਚ ਮੁਕੱਦਮੇ ਚਲਾਏ ਜਾਣੇ ਚਾਹੀਦੇ ਹਨ।

? ਇਕ ਪਾਸੇ ਤਾਂ ਦਹਿਸ਼ਤਵਾਦੀ ਚੀਨੀ ਰਫਲਾਂ ਲਈ ਫਿਰਦੇ ਨੇ ਇਹਨਾਂ ਨਾਲ ਸਾਧਾਰਣ ਲੋਕ ਕਿਵੇਂ ਨਜਿਠ ਸਕਦੇ ਨੇ।

o ਹਥਿਆਰ ਕਿੰਨੇ ਵੀ ਖਤਰਨਾਕ ਹੋਣ। ਹੁਣ ਜਿਵੇਂ ਪਾਸ਼ ਦਾ ਕਤਲ ਹੋਇਆ ਹੈ। ਹਰ ਪਿੰਡ ਵਿਚ ਦਹਿਸ਼ਤ ਗਰਦਾਂ ਦੇ ਟਿਕਾਣੇ ਠਹਿਰ ਲਈ ਹੁੰਦੇ ਨੇ। ਇਹਨਾਂ ਲੋਕਾਂ ਨੂੰ ਜਾਗਰਤ ਹੋਣਾ ਚਾਹੀਦਾ ਹੈ। ਪਿੰਡਾਂ 'ਚ ਵੜ ਕਿਵੇਂ ਜਾਣਗੇ ਇਹ ਜੇ ਲੋਕ ਵਿਜੀਲੈਂਟ ਹੋਣ। ਮਾਲਵੇ ਦੇ ਲੋਕ ਬੜੇ ਵਿਜੀਲੈਂਟ ਨੇ। ਉਹ ਆਉਣ ਜਾਣ ਵਾਲੇ ਦੀ ਖਬਰ ਰਖਦੇ ਨੇ। ਕੱਲੀਆਂ ਰਫਲਾਂ ਕੁਝ ਨਹੀਂ ਕਰ ਸਕਦੀਆਂ। ਉਹਨਾਂ ਦੇ ਸੂਹੀਏ ਵੀ ਪਿੰਡਾਂ 'ਚ ਜਾਂ ਹੋਰ ਥਾਵਾਂ ਤੇ ਹੁੰਦੇ ਹਨ।

? ਪਾਸ਼ ਨਾਲ ਰਿਸ਼ਤੇਦਾਰੀ ਤੋਂ ਬਿਨਾਂ ਹੋਰ ਤੁਹਾਡਾ ਕਿੰਨਾ ਕੁ ਨਾਤਾ ਸੀ।

o ਕਾਲਜ ਦੇ ਦਿਨਾਂ 'ਚ 68-69 'ਚ ਪਾਸ਼ ਹੋਰਾਂ ਬਾਰੇ ਚੰਦਨ ਹੋਰਾਂ ਬਾਰੇ ਅਸੀਂ ਜੋ ਪਰੋਗਰੈਸਿਵ ਵਿਦਿਆਰਥੀ ਸਾਂ ਬੜਾ ਜਾਣਦੇ ਸਾਂ। ਰਿਸ਼ਤੇਦਾਰੀ ਤਾਂ ਬਾਅਦ 'ਚ ਬਣੀ। ਕਾਫੀ ਲੇਟ।

? ਨੌਰਥ ਇੰਡੀਆ ਦੇ ਬਾਸ਼ਿੰਦੇ ਸੁਣੇ ਤਾਂ ਬੜੇ ਦਲੇਰ ਜਾਂਦੇ ਨੇ ਪਰ ਇਹ ਕੇਰਲਾ ਬੰਗਾਲ ਵਾਲਿਆਂ ਜਿੰਨੇ ਪਰੋਗਰੈਸਿਵ ਹੁਣ ਦੇ ਵਕਤਾਂ 'ਚ ਕਿਉਂ ਨਹੀਂ।

o ਦਰਅਸਲ ਸਾਨੂੰ ਪੜ੍ਹਾਇਆ ਇਹ ਗਿਆ ਹੈ ਕਿ ਪੰਜਾਬੀ ਬੜੇ ਦਲੇਰ ਹੁੰਦੇ ਨੇ ਯੋਹ ਵੋਹ ਪਰ ਇਹ ਕੋਈ ਹਰ ਥਾਈਂ ਸੱਚ ਨਹੀਂ ਹੋ ਸਕਦਾ। ਹਰ ਥਾਂਈਂ ਲੋਕ ਦਲੇਰ ਹੋ ਸਕਦੇ ਹਨ ਪਰ ਇਹ ਨਿਰਭਰ ਕਰਦਾ ਹੈ ਕਿ ਉਹ ਮੋਟੀਵੇਟਿਡ ਕਾਸਤੋਂ ਹਨ। ਸਿੱਖਾਂ ਦੀ ਬਹਾਦਰੀ ਦੀ ਗੱਲ ਲੈ ਲਓ ਇਹ ਲੜ ਤਾਂ ਅੰਗਰੇਜ਼ਾਂ ਲਈ ਹੀ ਰਹੇ ਸਨ ਬਹਾਦਰੀ ਵਾਲੀ ਗੱਲ ਸਾਡੇ 'ਚ ਐਵੇਂ ਫਜ਼ੂਲ ਭਰੀ ਹੋਈ ਹੈ। ਕੇਰਲਾ ਤੇ ਬੰਗਾਲ 'ਚ ਲੋਕ ਪੜ੍ਹੇ ਲਿਖੇ ਜ਼ਿਆਦਾ ਹਨ।

? ਪਾਸ਼ ਦੇ ਕਤਲ ਨੂੰ ਤੁਸੀਂ ਜ਼ਾਤੀ ਤੌਰ ਤੇ ਕਿਵੇਂ ਲਿਆ ਹੈ।

o ਇਹ ਬੜੀ ਦੁਖਦਾਈ ਗੱਲ ਹੋਈ ਹੈ। ਉਹਦੇ 'ਚ ਬੜਾ ਪੋਟੈਨਸ਼ੀਅਲ ਸੀ। ਉਹ ਇਸ ਉਠੇ ਹੋਏ ਧਾਰਮਕ ਜਨੂੰਨ ਦੇ ਖਿਲਾਫ ਕਲਮ ਨਾਲ ਤੇ ਜਿਸਮਾਨੀ ਤੌਰ ਤੇ ਵੀ ਲੜਨਾ ਚਾਹੁੰਦਾ ਸੀ। ਘਾਟਾ ਬਹੁਤ ਡੂੰਘਾ ਪਿਆ ਹੈ। ਪਰ ਅਸੀਂ ਡਰੇ ਨਹੀਂ ਹਾਂ ਅਸੀਂ ਬੋਲਣਾ ਬੰਦ ਨਹੀਂ ਕਰਾਂਗੇ।

? ਸਾਡੇ ਪਾਠਕਾਂ ਨਾਲ ਕੋਈ ਗੱਲ ਸਾਂਝੀ ਕਰਨਾ ਚਾਹੋਗੇ।

o ਹਾਂ, ਜਰੂਰ! ਅਸੀਂ ਜਦੋਂ ਐਂਟੀ 47 ਸ਼ੁਰੂ ਕੀਤਾ ਸੀ ਤਾਂ ਕਿਹਾ ਕਿ ਜਿਹੜੀਆਂ ਤਾਕਤਾਂ ਆਪਣੇ ਆਪਣੇ ਢੰਗ ਨਾਲ ਫਿਰਕਾਪ੍ਰਸਤੀ ਨਾਲ ਲੜ ਰਹੀਆਂ ਹਨ ਉਹਨਾਂ ਨੂੰ ਸਹਿਯੋਗ ਦਿਓ। "ਲਲਕਾਰ" ਦਾ ਰੋਲ ਬਹੁਤ ਵਧੀਆ ਹੈ। ਇਸੇ ਤਰਾਂ "ਪੰਜਾਬੀ ਦਰਪਣ' ਦਾ ਰੋਲ ਮੌਜੂਦਾ ਹਾਲਤਾਂ 'ਚ ਵਧੀਆ ਹੈ। 'ਪੰਜਾਬੀ ਦਰਪਣ' ਚੰਗੀ ਫਾਈਟ ਦੇ ਰਿਹਾ ਹੈ। ਸਾਨੂੰ ਖਾਲਿਸਤਾਨੀ ਫਿਰਕਾਪ੍ਰਸਤੀ ਦੇ ਖਿਲਾਫ ਮਿਲ ਕੇ ਕੰਮ ਕਰਨਾ ਚਾਹੀਦਾ ਹੈ ਬਝਵੇਂ ਰੂਪ 'ਚ ਕੰਮ ਹੋਣਾ ਚਾਹੀਦਾ ਹੈ। ਸਾਡੇ ਬਾਹਰ ਬੈਠਿਆਂ ਵਲੋਂ। o

---

ਪੰਜਾਬ ਲੋਕ ਸਭਿਆਚਾਰਕ ਮੰਚ ਸਾਲਾਨਾ ਆਮ ਇਜਲਾਸ 26 ਜੂਨ 1988 ਐਤਵਾਰ ਸਵੇਰੇ 9 ਵਜੇ ਪੰਜਾਬੀ ਭਵਨ ਲੁਧਿਆਣਾ ਵਿਖੇ ਹੋ ਰਿਹਾ ਹੈ। ਮੈਂਬਰਸ਼ਿਪ 7 ਜੂਨ 1988 ਤਕ ਹੋਵੇਗੀ। —ਅਮੋਲਕ ਸਿੰਘ ਪ੍ਰਧਾਨ